ISSN: 2584-0509



(Page 44 to 66)

# ਪਾਠ ਸਿਧਾਂਤ ਚਿੰਤਨ: ਭਾਸ਼ਾ ਵਿਗਿਆਨਕ ਪਰਿਪੇਖ



ਡਾ. ਸੁਖਮਨਪ੍ਰੀਤ ਕੌਰ
ਸਹਾਇਕ ਪ੍ਰੋਫ਼ੈਸਰ,
ਪੰਜਾਬੀ ਵਿਭਾਗ
ਗੁਰੂ ਕਾਸ਼ੀ ਯੂਨੀਵਰਸਿਟੀ,
ਬਠਿੰਡਾ।
+91 62802-30367



ਪ੍ਰੋ .ਰਮਨਪ੍ਰੀਤ ਕੌਰ
ਪ੍ਰੋਫ਼ੈਸਰ,ਪੰਜਾਬੀ ਵਿਭਾਗ,
ਪੰਜਾਬ ਕੇਂਦਰੀ
ਯੂਨੀਵਰਸਿਟੀ,ਘੁੱਦਾ, ਬਠਿੰਡਾ
raman.josan@yahoo.co.i

ਸਮੁੱਚੇ ਪ੍ਰਾਣੀ ਜਗਤ ਵਿਚ ਮਨੁੱਖ ਦੀ ਸ੍ਰੇਸ਼ਟਤਾ ਦਾ ਕਾਰਨ ਉਸ ਦੀ ਵਿਕਾਸਸ਼ੀਲ ਬੌਧਿਕ ਸਮਰੱਥਾ ਹੈ ,ਜਿਹੜੀ ਕੁਦਰਤੀ ਰੂਪ ਵਿਚ ਜੀਵ ਵਿਗਿਆਨਕ ਪੱਖ ਤੋਂ ਉਸਦੀ ਵਿਸ਼ੇਸ਼ ਪ੍ਰਾਪਤੀ ਮੰਨੀ ਜਾਂਦੀ ਹੈ। ਇਸ ਪ੍ਰਾਪਤੀ ਦੁਆਰਾ ਹੀ ਉਹ ਵਿਭਿੰਨ ਪ੍ਰਕਾਰ ਦੀਆਂ ਸਿਰਜਣਾਵਾਂ ਕਰਨ ਦੇ ਯੋਗ ਹੁੰਦਾ ਹੈ। ਭਾਸ਼ਾ ਇਹਨਾਂ ਸਿਰਜਣਾਵਾਂ ਵਿਚੋਂ ਸਭ ਤੋਂ ਅਹਿਮ ਤੇ ਮੂਲ ਸਿਰਜਣਾ ਹੈ। ਭਾਸ਼ਾ ਵਿਗਿਆਨੀ ਸੈਮੂਅਲ ਡੇਵਿਡ ਇਪਸਟਨ ਦੇ ਸ਼ਬਦਾਂ ਵਿਚ "ਭਾਸ਼ਾਈ ਸਮਰੱਥਾ ਹੀ ਮਨੁੱਖ ਨੂੰ ਭਾਸ਼ਾਈ ਗਿਆਨ ਵਿਕਸਤ ਕਰਨ ਦੀ ਆਗਿਆ ਦਿੰਦੀ ਹੈ। ਇਹ ਭਾਸ਼ਾਈ ਗਿਆਨ ਹੈ ਜੋ ਕਿ ਇੱਕ ਸੀਮਤ ਪ੍ਰਬੰਧ ਅਤੇ ਅਸੀਮਤ ਸਿਰਜਣਾਤਮਕ ਸਮਰੱਥਾ ਦੁਆਰਾ ਮਿਲ ਕੇ ਬਣਦਾ ਹੈ"।[1] ਭਾਸ਼ਾਈ ਗਿਆਨ ਦੀ ਵਰਤੋਂ ਅਤੇ ਮੁਹਾਰਤ ਹੀ ਭਾਸ਼ਾ ਦਾ ਸਮਾਜਿਕ ਪੱਧਰ 'ਤੇ ਸੰਚਾਰ ਸਾਧਨ ਦੇ ਰੂਪ ਵਿਚ ਨਿਰੰਤਰ ਵਿਕਾਸ ਨਿਸ਼ਚਿਤ ਕਰਦੀ ਹੈ। ਇਸ ਤਰ੍ਹਾਂ ਭਾਸ਼ਾ ਮਾਨਵੀ ਸੰਚਾਰ ਸਿਰਜਣਾ ਵਿਚ ਬੁਨਿਆਦੀ ਆਧਾਰ ਵਜੋਂ ਭੂਮਿਕਾ ਨਿਭਾਉਂਦੀ ਹੋਈ ਮਨੁੱਖ ਦਾ ਬਾਕੀ ਵਿਭਿੰਨ ਸਮਾਜਿਕ ਪ੍ਰਬੰਧਾਂ ਨਾਲ ਸੰਬੰਧ ਸਥਾਪਿਤ ਕਰਦੀ ਹੈ। ਇਸ ਦੇ ਫਲਸਰੂਪ ਮਨੁੱਖੀ ਜੀਵਨ ਯਥਾਰਥ ਦਾ ਸਮੁੱਚਾ ਤਾਣਾ-ਬਾਣਾ ਉਸਰਦਾ ਹੈ। ਮਾਨਵੀ ਭਾਸ਼ਾ ,ਗਿਆਨ ਅਤੇ ਸਿਰਜਣਾਤਮਕ ਸਮਰੱਥਾ ਦੀ ਬੁਨਿਆਦ ਹੋਣ ਦੇ ਨਾਲ-ਨਾਲ ਮਨੁੱਖ ਦੇ ਸਮਾਜਿਕ ਅਤੇ ਮਾਨਸਿਕ ਵਜੂਦ ਦੇ ਵਿਚਕਾਰ ਇੱਕ ਕੜੀ ਦੀ ਭੂਮਿਕਾ ਵੀ ਨਿਭਾਉਂਦੀ ਹੈ। ਜੂਲੀਆ ਕ੍ਰਿਸਤੇਵਾ ਇਸੇ ਕਾਰਨ ਹੀ ਭਾਸ਼ਾ ਨੂੰ ਵਿਭਿੰਨ ਪ੍ਰਬੰਧਾਂ ਵਿਚਕਾਰ ਵਿਦਮਾਨ ਇੱਕ ਅਜਿਹੀ ਅਜਨਬੀ ਪਰਤ ਮੰਨਦੀ ਹੈ "ਜਿਹੜੀ ਇਹਨਾਂ ਤੋਂ ਵੱਖਰੀ ਨਹੀਂ ਹੁੰਦੀ ਬਲਕਿ ਇਹਨਾਂ ਪ੍ਰਬੰਧਾਂ ਦੀਆਂ ਸੀਮਾਵਾਂ ਵਿਚਕਾਰ ਮੌਜੂਦ ਹੁੰਦੀ ਹੈ। ਇਹ ਉਹ ਸਥਾਨ ਹੈ ਜਿਥੇ ਅੰਤਰਮੁਖੀ ਪ੍ਰੇਰਨਾਵਾਂ ਅਭਿਵਿਅਕਤ ਹੁੰਦੀਆਂ ਹਨ ,ਕਾਮੁਕਤਾ ਦੇ ਵਿਚਾਰਾਂ ਦੀ ਖੇਡ ਚੱਲਦੀ ਹੈ ਅਤੇ ਸਰੀਰ ਅਤੇ ਸਭਿਆਚਾਰ ਦਾ ਮਿਲਾਪ ਹੁੰਦਾ ਹੈ"।[2]

ਮਨੁੱਖੀ ਜੀਵਨ ਯਥਾਰਥ ਦੇ ਸਮੁੱਚੇ ਉਸਾਰ ਨੂੰ ਇੱਕ ਸਿਰਜਣਾਤਕ ਸੰਗਠਨ ਦੇ ਰੂਪ ਵਿਚ ਸਮਝਣ ਲਈ ਵਰਤਮਾਨ ਸਮੇਂ 'ਪਾਠ ਸਿਧਾਂਤ' ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਯੂਰੀ ਲੋਤਮਾਨ ਇਸ ਸੰਬੰਧੀ ਆਪਣੇ ਇਕ ਲੇਖ 'ਦ ਕਾਨਸੈਪਟ ਆਫ ਟੈਕਸ' ਵਿਚ ਲਿਖਦਾ ਹੈ, "ਪਾਠ ਇੱਕ ਅਜਿਹਾ ਅੰਤਰੀਵੀ ਪ੍ਰਬੰਧ ਹੈ ਜੋ ਇੱਕ ਕੜੀਦਾਰ ਪੱਧਰ ਤੋਂ ਲੈ ਕੇ ਪੂਰੇ ਸੰਰਚਨਾਤਮਕ ਸਮੁੱਚ ਤੱਕ ਫੈਲਦਾ ਹੈ"।[3] 'ਪਾਠ', ਅਸਲ ਵਿਚ

ਇੱਕ ਅਜਿਹੀ ਇਕ-ਜੁੱਟ ਇਕਾਈ ਹੈ ਜਿਹੜੀ ਕਿਸੇ ਵੀ ਪ੍ਰਕਾਰ ਦਾ ਸੰਚਾਰ ਕਰਦੀ ਹੈ। ਇਸ ਦਾ ਵਿਧਾਮੂਲਕ ਰੂਪ ਭਾਸ਼ਾਈ ,ਸਾਹਿਤਕ ,ਸਮਾਜਿਕ ,ਸਭਿਆਚਾਰਕ ,ਮਾਨਵ-ਵਿਗਿਆਨਕ ਆਦਿ ਵਿਚੋਂ ਕਿਸੇ ਵੀ ਸ੍ਰੇਣੀ ਦਾ ਹੋ ਸਕਦਾ ਹੈ ਪਰ ਇਸ ਦਾ ਮੂਲ ਉਦੇਸ਼ ਸੰਚਾਰ ਨੂੰ ਸੰਭਾਵੀ ਬਣਾਉਣਾ ਹੀ ਹੁੰਦਾ ਹੈ। ਇਸ ਲਈ ਪਾਠ ਵਾਸਤਵਿਕ ਰੂਪ ਵਿਚ ਇਕ ਸੰਚਾਰ ਇਕਾਈ ਹੈ।

ਪਾਠ ਦੀ ਇਕਜੁੱਟਤਾ ਤੇ ਸਮੁੱਚਤਾ ,ਆਪਣੇ ਅੰਦਰ ਮਾਨਵੀ ਸਿਰਜਣਾਤਮਕ ਪ੍ਰਬੰਧ ਦੇ ਸਾਰੇ ਪਹਿਲੂਆਂ ਨੂੰ ਗ੍ਰਹਿਣ ਕਰਦੀ ਹੋਈ ਵੀ ਇੱਕ ਵੱਖਰੀ ਸੁਤੰਤਰ ਹੋਂਦ ਬਰਕਰਾਰ ਰੱਖਦੀ ਹੈ। ਪਾਠ ,ਮਾਨਵੀ ਸਿਰਜਣਾਤਮਕ ਪ੍ਰਬੰਧਾਂ ਦੀ ਸਿਰਜਣ-ਪ੍ਰਕਿਰਿਆ ਅਤੇ ਪ੍ਰਕਾਰਜਸ਼ੀਲਤਾ ਵਿਚ ਸੰਚਾਰ ਲੁਪਤ ਪੱਧਰ ਤੇ ਵਿਦਮਾਨ ਹੁੰਦਾ ਹੈ ਜਿਸ ਨੂੰ ਪ੍ਰਗਟ ਕਰਨ ਲਈ 'ਪਾਠ ਸਿਧਾਂਤ' ਮਾਧਿਅਮ ਦੇ ਰੂਪ ਵਿਚ ਭੂਮਿਕਾ ਨਿਭਾਉਂਦਾ ਹੈ। ਇਸ ਸੰਬੰਧੀ ਸੂਜਨ ਯੂਰੀਨ ,ਬੁਗਰਾਂਦੇ ਦੇ ਹਵਾਲੇ ਨਾਲ ਲਿਖਦੀ ਹੈ, "ਪਾਠ ਇਕ ਸੰਚਾਰਾਤਮਕ ਗਤੀਵਿਧੀ ਹੈ ਜਿਸ ਵਿਚ ਭਾਸ਼ਾਈ ,ਗਿਆਨਾਤਮਕ ਅਤੇ ਸਮਾਜਿਕ ਕ੍ਰਿਰਿਆਵਾਂ ਵਿਗਸਦੀਆਂ ਹਨ। ਇਹ ਕੇਵਲ ਉਚਰਿਤ ਜਾਂ ਲਿਖਤ ਰੂਪ ਵਿਚ ਕੇਵਲ ਇਕ ਸ਼ਬਦ-ਲੜੀ ਹੀ ਨਹੀਂ ਹੈ। ਬੁਗਰਾਂਦੇ ਪਾਠ ਦੀ ਵਿਆਖਿਆ ਭਾਸ਼ਾਈ ,ਗਿਆਨਾਤਮਕ ਅਤੇ ਸਮਾਜਿਕ ਪ੍ਰਕ੍ਰਿਰਿਆਵਾਂ ਦੇ ਸਮੁੱਚ ਵਜੋਂ ਕਰਦਾ ਹੈ। ਪਾਠ ਨੂੰ ਇਸੇ ਲਈ ਸੰਸਾਰ ਨੂੰ ਸਮਝਣ ਦਾ ਇਕ ਮਾਡਲ ਮੰਨ ਕੇ ਵਿਚਾਰਿਆ ਜਾ ਸਕਦਾ ਹੈ"।[4] ਅਸਲ ਵਿਚ 'ਪਾਠ' ਮੁਢਲੇ ਰੂਪ ਵਿਚ ਇਕ ਭਾਸ਼ਾਈ ਸੰਚਾਰ ਇਕਾਈ ਵਜੋਂ ਹੋਂਦ ਗ੍ਰਹਿਣ ਕਰਦਾ ਹੈ। ਇਸ ਦੇ ਪ੍ਰਬੰਧ ,ਪ੍ਰਕਿਰਿਆ ਅਤੇ ਪ੍ਰਕਾਰਜਸ਼ੀਲਤਾ ਤਿੰਨ ਗੁਣਾਤਮਕ ਤੱਤਾਂ ਦੇ ਆਧਾਰ ਤੇ ਇਸ ਨੂੰ ਸੰਰਚਨਾ) Structure ,(ਰਚਨਾ) Texture (ਅਤੇ ਪ੍ਰਵਚਨ (Discourse) ਦੇ ਰੂਪ ਵਿਚ ਚਿੰਤਨ ਦਾ ਵਿਸ਼ਾ ਬਣਾਇਆ ਜਾਂਦਾ ਹੈ। ਭਾਸ਼ਾ ਵਿਗਿਆਨ ਦੇ ਅੰਤਰਗਤ ਸੰਰਚਨਾਤਮਕ ਭਾਸ਼ਾ ਵਿਗਿਆਨ ਪਾਠ ਦੀ ਸੰਰਚਨਾ ,ਅਰਥ ਵਿਗਿਆਨ ਇਸ ਦੀ ਰਚਨਾ ਅਤੇ ਪਾਠ ਭਾਸ਼ਾ-ਵਿਗਿਆਨ ਇਸ ਦੀ ਪ੍ਰਵਚਨਕਾਰੀ ਦਾ ਅਧਿਐਨ ਕਰਦਾ ਹੈ। ਹਥਲੇ ਖੋਜ ਕਾਰਜ ਵਿਚ ਪਾਠ ਦੀ ਪ੍ਰਕਿਰਤੀ ਦੇ ਆਧਾਰ 'ਤੇ ਇਸ ਦੇ ਭਾਸ਼ਾ ਵਿਗਿਆਨਕ ਸਰੂਪ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ।

ਪੰਜਾਬੀ ਸ਼ਬਦ 'ਪਾਠ' ਅੰਗਰੇਜੀ ਭਾਸ਼ਾ ਦੇ ਸ਼ਬਦ 'Text' ਦਾ ਅਨੁਵਾਦ ਰੂਪ ਹੈ। ਇਸ ਦੀ ਵਿਉਂਤਪਤੀ ਲਾਤੀਨੀ ਸ਼ਬਦ ਟੈਕਸਤੁਸ)textus) ਤੋਂ ਮੰਨੀ ਜਾਂਦੀ ਹੈ।[5]

ਇਸ ਸ਼ਾਬਦ ਦੀ ਨਿਰੁਕਤੀ ਦੇ ਆਧਾਰ 'ਤੇ ਇਸ ਦੇ ਅਰਥ ਕੱਪੜਾ ,ਮੱਕੜੀ ਦਾ ਜਾਲ , ਬੁਣਨਾ ਆਦਿ ਕਈ ਰੂਪਾਂ ਵਿਚ ਕੀਤੇ ਜਾਂਦੇ ਹਨ। ਵਿਟਾਕਲੋਨਾ ਦਾ ਮੰਨਣਾ ਹੈ ਕਿ "ਸੱਠਵਿਆਂ ਦੇ ਸ਼ੁਰੂ ਵਿਚ ਸੰਯੁਕਤ ਰਾਸ਼ਟਰ ਵਿਚ ਇਵੈਨੇਵ ,ਤੋਪਰੋਵ ,ਅਤੇ ਪੈਲਯਨਿਕ ਨਾਮੀ ਲੇਖਕਾਂ ਨੇ ਤਕਨੀਕੀ ਪੱਧਰ ਤੇ ਪਾਠ ਮਦ ਦੀ ਚਰਚਾ ਕਰਨ ਦਾ ਅਰੰਭਲਾ ਯਤਨ ਕੀਤਾ ਅਤੇ 1962 ਵਿਚ ਇਕ ਹੋਰ ਵਿਦਵਾਨ ਪਜੈਟੋਗਰੋਸਕਿਜ ਨੇ ਪਾਠ ਦੀ ਵਿਹਾਰਕ ਵਰਤੋਂ ਕੀਤੀ"।[6] ਦਰਅਸਲ ਮੁੱਢਲੇ ਤੌਰ ਤੇ ਭਾਸ਼ਾ ਵਿਗਿਆਨਕ ਦ੍ਰਿਸ਼ਟੀ ਤੋਂ ਪਾਠ ਨੂੰ ਪ੍ਰਭਾਸ਼ਿਤ ਕਰਨ ਦਾ ਯਤਨ ਪੈਮਜਲੇਵ ਅਤੇ ਹੈਰਿਸ ਨੇ ਕੀਤਾ। ਇਹਨਾਂ ਨੇ ਪਾਠ ਨੂੰ ਇੱਕ ਭਾਸ਼ਾਈ ਇਕਾਈ ਦੇ ਰੂਪ ਵਿਚ ਤਾਂ ਦੇਖਿਆ ਪਰ ਇਸਦੇ ਸਿਧਾਂਤ ਬਾਰੇ ਕੋਈ ਵਿਸ਼ੇਸ਼ ਚਰਚਾ ਨਹੀਂ ਕੀਤੀ। ਫਿਰ ਵੀ ਪਾਠ ਅਤੇ ਪ੍ਰਵਚਨ ਮਦ ਬਾਰੇ ਇਹਨਾਂ ਦੇ ਵਿਚਾਰ ਮੁੱਢਲੀ ਭੂਮਿਕਾ ਨਿਭਾਉਂਦੇ ਹਨ। ਇਸ ਤੋਂ ਬਾਅਦ ਬਹੁਤ ਸਾਰੇ ਭਾਸ਼ਾ ਵਿਗਿਆਨੀਆਂ ਜਿਵੇਂ ਹਾਟਮੈਨ ,ਵੈਨਰਿਚ ਅਤੇ ਬਾਈਰਵਸਿਚ ਆਦਿ ਨੇ ਪਾਠ ਨੂੰ ਇੱਕ ਭਾਸ਼ਾ ਇਕਾਈ ਦੇ ਰੂਪ ਵਿਚ ਵਿਚਾਰ-ਚਰਚਾ ਦਾ ਆਧਾਰ ਬਣਾਇਆ।

ਪਾਠ ਮਦ ਬਾਰੇ ਬੁਨਿਆਦੀ ਸਿਧਾਂਤਕ ਚਰਚਾ *ਕੋਹੈਜਨ ਇਨ ਇੰਗਲਿਸ਼* (1976)ਨਾਮੀ ਪੁਸਤਕ ਰਾਹੀਂ ਆਰੰਭ ਹੁੰਦੀ ਹੈ। ਇਸ ਕਾਰਜ ਵਿਚ ਬੇਸ਼ੱਕ ਪਾਠ-ਚਿੰਤਨ ਨੂੰ ਪ੍ਰਵਚਨ ਦੇ ਅਰਥਾਂ ਵਿਚ ਪ੍ਰਭਾਸ਼ਿਤ ਕੀਤਾ ਗਿਆ ਹੈ ,ਪਰ ਇਸ ਦੁਆਰਾ ਹੀ ਇਹ ਸੰਕਲਪ ਸਹੀ ਅਰਥਾਂ ਵਿਚ ਭਾਸ਼ਾ ਇਕਾਈ ਤੋਂ ਅਗਾਂਹ ਅਰਥ ਇਕਾਈ ਦੇ ਰੂਪ ਵਿਚ ਸਥਾਪਿਤ ਹੁੰਦਾ ਹੈ। ਹੈਲੀਡੇ ,ਪਾਠ ਨੂੰ ਪ੍ਰਭਾਸ਼ਿਤ ਕਰਦਾ ਹੋਇਆ ਲਿਖਦਾ ਹੈ, "ਪਾਠ ਇਕ ਅਜਿਹੀ ਇਕਾਈ ਹੈ ਜੋ ਇਕ ਇਕਾਈ ਤਾਂ ਜਰੂਰ ਹੈ ਪਰ ਰੂਪ ਦੀ ਨਹੀਂ ਸਗੋਂ ਅਰਥ ਦੀ ਇਕਾਈ ਹੈ। ਇਹ ਇਕਾਈ ਵਾਕ ਜਾਂ ਵਾਕੰਸ਼ ਨਾਲ ਸੰਬੰਧਤ ਤਾਂ ਹੈ ਪਰੰਤੂ ਭਾਵ ਦੇ ਪੱਖ ਤੋਂ ਨਾ ਕਿ ਆਕਾਰ ਦੇ ਪੱਖ ਤੋਂ। ਇਹ ਇਕ ਪ੍ਰਤੀਕਾਤਮਕ ਪ੍ਰਬੰਧ ਦਾ ਦੂਜੇ ਪ੍ਰਤੀਕਾਤਮਕ ਪ੍ਰਬੰਧ ਵਿਚ ਕੋਡੀਕਰਨ ਹੈ। ਇਕ ਪਾਠ ,ਵਾਕ ਦੁਆਰਾ ਨਹੀਂ ਬਣਦਾ ਬਲਕਿ ਵਾਕਾਂ ਦੀ ਮਦਦ ਨਾਲ ਕੋਡਬੱਧ ਜਾਂ ਭਾਵਬੱਧ ਹੁੰਦਾ ਹੈ"।[8] ਇਥੇ ਧਿਆਨਯੋਗ ਪੱਖ ਇਹ ਹੈ ਕਿ ਹੈਲੀਡੇ ਮਦ ਤਾਂ ਪਾਠ ਵਰਤਦਾ ਹੈ ਪਰੰਤੂ ਪ੍ਰਵਚਨ ਦੇ ਅਰਥਾਂ ਵਿਚ। ਅਸਲ ਵਿਚ 'ਪਾਠ' ਤੇ 'ਪ੍ਰਵਚਨ' ਦੋਵੇਂ ਮਦਾਂ ਸ਼ੁਰੂਆਤੀ ਸਮੇਂ ਦੌਰਾਨ ਆਪਸ ਵਿਚ ਇੰਨੀਆਂ ਰੱਲ-ਗਡ ਸਨ ਕਿ ਭਾਸ਼ਾ ਵਿਗਿਆਨੀ ਇਹਨਾਂ ਦੀ ਵਰਤੋਂ ਇਕ ਦੂਜੇ ਦੇ ਅਰਥਾਂ ਵਿਚ ਹੀ ਕਰਦੇ ਰਹੇ। ਇਸ ਤੋਂ ਮਗਰੋਂ ਪਰਾਗ ਸਕੂਲ ਆਫ ਲਿੰਗੁਇਸਟਿਕਸ ਦੇ ਭਾਸ਼ਾ ਵਿਗਿਆਨੀ ਰੋਮਨ

ਜੈਕਬਸਨ ,ਨਿਕੋਲ ਟਰਾਬਜਕਾਏ ਅਤੇ ਲੂਈ ਯੇਮਸਲੇਵ ਆਦਿ ਪਾਠ ਸੰਬੰਧੀ ਭਾਸ਼ਾ ਵਿਗਿਆਨਕ ਦ੍ਰਿਸ਼ਟੀ ਦਾ ਸਾਹਿਤ ਦੇ ਖੇਤਰ ਵਿਚ ਪ੍ਰਵੇਸ਼ ਕਰਵਾਉਂਦੇ ਹਨ। ਇਸ ਦੇ ਫਲਸਰੂਪ 'ਪਾਠ ਸਿਧਾਂਤ' ਭਾਸ਼ਾਈ ਪਾਠ ਤੋਂ ਸਾਹਿਤਕ ਪਾਠ ਵੱਲ ਵਿਸਤ੍ਰਿਤ ਹੁੰਦਾ ਹੋਇਆ ਬਾਅਦ ਵਿਚ ਲੈਵਿਸ ਸਤ੍ਰਾਸ ਦੇ ਇਸ ਖੇਤਰ ਨਾਲ ਜੁੜਨ ਤੋਂ ਮਗਰੋਂ ਇਹ ਮਾਡਲ ਮਾਨਵ-ਵਿਗਿਆਨ ਦੇ ਖੇਤਰ ਤੋਂ ਹੋਰਨਾਂ ਵਿਭਿੰਨ ਖੇਤਰਾਂ ਵੱਲ ਵਿਕਸਤ ਹੋਇਆ"।[8]

'ਪਾਠ-ਸਿਧਾਂਤ' ਨੂੰ ਭਾਵੇਂ ਵਿਭਿੰਨ ਅਨੁਸ਼ਾਸ਼ਨਾਂ ਦੇ ਅੰਤਰਗਤ ਅਨੇਕਾਂ ਰੂਪਾਂ ਵਿਚ ਪਰਿਭਾਸ਼ਿਤ ਕੀਤਾ ਗਿਆ ਹੈ ਪਰੰਤੂ ਇਸ ਨੂੰ ਖੁਦ ਮੁਖਤਿਆਰ ਹੋਂਦ ਪ੍ਰਦਾਨ ਕਰਨ ਵਿਚ ਫਰਾਂਸੀਸੀ ਚਿੰਤਕ ਰੋਲਾਂ ਬਾਰਤ ਦਾ ਮਹੱਤਵਪੂਰਨ ਯੋਗਦਾਨ ਹੈ। ਉਹ ਆਪਣੇ ਲੇਖਾਂ 'ਡੈਥ ਆਫ ਦੀ ਆਥਰ' ਅਤੇ 'ਵਰਕ ਟੂ ਟੈਕਸ' ਰਾਹੀਂ ਪਾਠ ਸਿਧਾਂਤ ਨੂੰ ਕਿਰਤ , ਕਰਤਾ ਅਤੇ ਖੇਤਰਾਂ ਦੀ ਕੈਦ ਤੋਂ ਆਜ਼ਾਦ ਕਰਾ ਕੇ 'ਪਾਠ' ਨੂੰ ਕੇਵਲ 'ਪਾਠ' ਦਾ ਵਜੂਦ ਪ੍ਰਦਾਨ ਕਰਦਾ ਹੈ। ਰੋਲਾ ਬਾਰਤ, 'ਪਾਠ' ਸੰਕਲਪ ਦੇ ਅਰਥ ਚਿਹਨਕਾਂ ਦੀ ਬੁਣਤੀ(weave of signifier) ,ਇੱਕ ਟਿਸ਼ੂ ਅਤੇ ਬੁਣੇ ਹੋਏ ਕੱਪੜੇ ਦੇ ਰੂਪ ਵਿਚ ਕਰਦਾ ਹੈ"।[9] ਇਹ ਮੂਲ ਰੂਪ ਵਿਚ ਇੱਕ ਅਜਿਹੀ ਦ੍ਰਿਸ਼ਟੀ ਹੈ ਜੋ ਸਮੁੱਚੇ ਬ੍ਰਹਿਮੰਡ ਨੂੰ ਇੱਕ ਸੰਰਚਨਾਤਮਕ ਸਮੁੱਚ ਦੇ ਰੂਪ ਵਿਚ ਦੇਖਦੇ ਹੋਏ ਇਸ ਦਾ ਵਿਗਿਆਨਕ ਵਿਸ਼ਲੇਸ਼ਣ ਕਰਨ ਲਈ ਇੱਕ ਮਾਡਲ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਬਾਰਤ ਪਾਠ ਨੂੰ ਸਾਹਿਤਕ ਪਾਠ ,ਭਾਸ਼ਾਈ ਪਾਠ ,ਸਭਿਆਚਾਰਕ ਪਾਠ ,ਸਮਾਜਿਕ ਪਾਠ ਆਦਿ ਵੱਖ-ਵੱਖ ਰੂਪਾਂ ਵਿਚ ਪਰਿਭਾਸ਼ਿਤ ਕਰਨ ਦੀ ਬਜਾਇ ਇਕ ਸੰਚਾਰ ਇਕਾਈ ਵਜੋਂ ਦੇਖਦਾ ਹੋਇਆ ਇਸ ਨੂੰ ਇਕ ਖੁਦਮੁਖਤਿਆਰ ਇਕਾਈ ਵਜੋਂ ਸਥਾਪਿਤ ਕਰਦਾ ਹੈ।

'ਪਾਠ-ਸਿਧਾਂਤ' ਦੇ ਸਨਮੁਖ ਇਹ ਸਮੱਸਿਆ ਸ਼ੁਰੂ ਤੋਂ ਹੀ ਆਉਂਦੀ ਰਹੀ ਹੈ ਕਿ ਸੰਰਚਨਾ ਵਜੋਂ ਇਸ ਇਕਾਈ ਨੂੰ ਅੰਦਰੂਨੀ ਤੱਤਾ ਦੇ ਸਮੁੱਚ ਵਜੋਂ ਮੁਕੰਮਲ ਸਮਝਿਆ ਜਾਵੇ ਜਾਂ ਫਿਰ ਬਾਹਰੀ ਵਰਤਾਰਿਆਂ ਨਾਲ ਇਸਦੇ ਸੰਬੰਧਾਂ ਨੂੰ ਮੁਖ ਰੱਖਦਿਆਂ ਇਸ ਦਾ ਅਧਿਐਨ ਕੀਤਾ ਜਾਵੇ। ਇਸ ਸਮੱਸਿਆ ਦਾ ਸਾਹਮਣਾ ਇਸ ਨੂੰ ਭਾਸ਼ਾ ਵਿਗਿਆਨ ਅਤੇ ਸਾਹਿਤ ਵਿਗਿਆਨ ਦੇ ਖੇਤਰ ਵਿਚ ਕਰਨਾ ਪਿਆ। ਬਾਅਦ ਵਿਚ ਉਤਰ-ਸੰਰਚਨਾਵਾਦ ਨੇ ਸੰਰਚਨਾ ਵਜੋਂ ਰੂਪ ਅਤੇ ਪ੍ਰਕਾਰਜ ਦੀ ਇਸ ਲੜਾਈ ਨੂੰ ਹੱਲ ਕਰਨ ਦਾ ਯਤਨ ਕੀਤਾ। ਇਹ ਚਿੰਤਨ ਕਿਰਤ ਨੂੰ ਅੰਤਰਮੁਖੀ ਬੰਦਿਸ਼ ਤੋਂ ਸੁਤੰਤਰ ਕਰਕੇ ਇਸਦਾ ਸੰਬੰਧ

ਬਾਹਰਮੁਖਤਾ ਨਾਲ ਜੋੜਦਿਆਂ ,ਇਸ ਨੂੰ ਅੰਤਰ-ਸੰਬੰਧਿਤ ਅਤੇ ਸੰਵਾਦਕੀ ਸਰੂਪ ਪ੍ਰਦਾਨ ਕਰਦਾ ਹੈ। ਇਸ ਸੰਬੰਧੀ 'ਇਨ ਐਸੇ ਆਨ ਰੂਸੋ' ਲੇਖ ਵਿਚਲੀ ਯੱਕ ਦੈਰਿਦਾ ਦੀ ਇਕ ਪ੍ਰਸਿੱਧ ਧਾਰਨਾ, "ਬਾਹਰੀ ਪਾਠ ਕੁਝ ਨਹੀਂ ਹਨ(There is nothing outsided-text) ਬਹੁਤ ਮਹੱਤਵਪੂਰਨ ਹੈ"।[10] ਜ਼ਿਕਰਯੋਗ ਹੈ ਕਿ ਗਾਇਤਰੀ ਸਪੀਵਾਕ ਦੁਆਰਾ ਕੀਤੇ ਗਏ ਫਰਾਂਸੀਸੀ ਤੋਂ ਅੰਗਰੇਜ਼ੀ ਅਨੁਵਾਦ ਵਿਚ ਇਸ ਕਥਨ ਦੇ ਅਨੁਵਾਦ ਵਿਚ ਗਲਤੀ ਹੋਣ ਕਾਰਨ ਇਸ ਨੂੰ ਪਾਠ ਤੋਂ ਬਾਹਰ ਕੁਝ ਨਹੀਂ)Nothing is outside the text (ਦੇ ਅਰਥਾਂ ਵਿਚ ਲੈ ਲਿਆ ਜਾਂਦਾ ਹੈ ਜੋ ਕਿ ਸਹੀ ਨਹੀਂ ਹੈ। ਅਸਲ ਵਿਚ 'ਬਾਹਰੀ ਪਾਠ ਕੁਝ ਨਹੀਂ ਹਨ' ਦਾ ਅਰਥ ਇਹ ਹਰਗਿਜ਼ ਨਹੀਂ ਹੈ ਕਿ ਪਾਠ ਦੇ ਬਾਹਰ ਕੁਝ ਨਹੀਂ ਹੈ ਬਲਕਿ ਇਸ ਦਾ ਅਰਥ ਹੈ ਕਿ ਇਸ ਦੀ ਬਾਹਰਮੁਖਤਾ ਵੀ ਇਸਦੇ ਅੰਦਰ ਮੌਜੂਦ ਹੈ।

ਇਸ ਤਰ੍ਹਾਂ 'ਪਾਠ-ਸਿਧਾਂਤ' ਦੀ ਹੋਂਦ ਕੇਵਲ ਲਿਖਤੀ ਰੂਪ ਵਿਚ ਨਹੀਂ ਸਗੋਂ ਇਹ ਭਾਸ਼ਾਈ ਵਜੂਦ ਤੋਂ ਪਾਰ ਫੈਲ ਕੇ ਪ੍ਰਵਚਨਿਕ ਰੂਪ ਗ੍ਰਹਿਣ ਕਰਦੀ ਹੋਈ ਆਪਣਾ ਘੇਰਾ ਵਿਸਤ੍ਰਿਤ ਕਰਦੀ ਹੈ। ਕੋਈ ਵੀ ਚਿੰਨ੍ਹ-ਸੰਰਚਨਾ ,ਪਾਠ ਉਦੋਂ ਹੀ ਬਣਦੀ ਹੈ ਜਦੋਂ ਉਹ ਹੋਰ ਚਿੰਨ੍ਹ ਸੰਰਚਨਾਵਾਂ ਦੀ ਉਤਪਤੀ ਲਈ ਸੰਭਾਵਨਾਵਾਂ ਪੈਦਾ ਕਰਦੀ ਹੈ। ਪਾਠ ਇੱਕ ਠੋਸ ਹੋਂਦ ਨਾ ਹੋ ਕੇ ਜੀਵੰਤ ,ਕ੍ਰਿਆਸ਼ੀਲ ਅਤੇ ਉਤਪਾਦਕੀ ਵਜੂਦ ਹੈ ,ਜਿਸ ਦਾ ਸਰੂਪ ਭਾਸ਼ਾਈ ਅਤੇ ਗੈਰ-ਭਾਸ਼ਾਈ ਦੋਹਾਂ ਰੂਪਾਂ ਵਿਚ ਹੋ ਸਕਦਾ ਹੈ ਪਰੰਤੂ ਇਸਦੀ ਪਹਿਚਾਣ ਇਸ ਦਾ ਪ੍ਰਵਚਨਿਕ ਜਗਤ ਹੈ। ਇਸ ਲਈ ਹੀ ਜੂਲੀਆ ਕ੍ਰਿਸਤੇਵਾ ਪਾਠ ਨੂੰ "ਪਾਰ-ਭਾਸ਼ਾਈ ਉਪਕਰਨ ਮੰਨਦੀ ਹੈ"।[11] ਇਕ ਅਜਿਹਾ ਉਪਕਰਨ ਜੋ ਭਾਸ਼ਾ ਦੀ ਸਤਹ ਤੋਂ ਪਾਰ ਜਾ ਸਕਦਾ ਹੈ। ਇਥੇ ਇਹ ਵੀ ਉਲੇਖਯੋਗ ਹੈ ਕਿ ਪਾਠ ਦੇ ਸੰਕਲਪ ਨੂੰ ਉਤਰ-ਸੰਰਚਨਾਵਾਦੀ ਪਾਰ-ਭਾਸ਼ਾਈ ਉਪਕਰਨ ਬਣਨ ਲਈ ,ਭਾਸ਼ਾ ਵਿਗਿਆਨ ਅਤੇ ਸਾਹਿਤ ਵਿਗਿਆਨ ਦੇ ਖੇਤਰਾਂ ਦੇ ਅੰਤਰਗਤ ਵੱਖ-ਵੱਖ ਪੜਾਵਾਂ ਵਿਚੋਂ ਗੁਜਰਨਾ ਪਿਆ। ਇਸ ਲਈ 'ਪਾਠ-ਸਿਧਾਂਤ' ਦੀ ਵਰਤਮਾਨ ਪ੍ਰਕਿਰਤੀ ਨੂੰ ਸਮਝਣ ਲਈ ਇਸ ਦੇ ਇਤਿਹਾਸਕ ਪਿਛੋਕੜ ਨੂੰ ਸਮਝਣਾ ਬਹੁਤ ਜਰੂਰੀ ਹੈ।

ਪਾਠ ਸਿਧਾਂਤ ਦੇ ਵਰਤਮਾਨ ਕਾਲ ਬਿੰਦੂ ਤੋਂ ਜੇਕਰ ਇਸਦਾ ਪੂਰਵਲਾ ਵਿਕਾਸ-ਕ੍ਰਮ ਨਿਸ਼ਚਿਤ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਸ ਦਾ ਆਰੰਭ ਭਾਸ਼ਾ ਵਿਗਿਆਨ ਦੇ ਅੰਤਰਗਤ ਭਾਸ਼ਾਈ ਪਾਠ ਦੇ ਸੰਕਲਪ ਤੋਂ ਆਰੰਭ ਹੁੰਦਾ ਹੈ। ਇਸ ਦੀ ਬਹੁਪਰਤੀ ਤੇ ਬਹੁਪਾਸਾਰੀ ਪ੍ਰਕਿਰਤੀ ਦਾ ਕਾਰਨ ਇਹ ਹੈ ਕਿ ਵੱਖ-ਵੱਖ ਸਮਿਆਂ ਦੌਰਾਨ

ਵਿਭਿੰਨ ਅਨੁਸ਼ਾਸ਼ਨਾਂ ਦੇ ਅੰਤਰਗਤ ਇਸਦਾ ਸਰੂਪ ਪਰਿਵਰਤਤ ਹੁੰਦਾ ਰਿਹਾ ਹੈ। ਪਰੰਤੂ 'ਪਾਠ' ਦੇ ਸੰਕਲਪ ਦੀ ਉਤਪੱਤੀ ਪ੍ਰਮੁੱਖ ਤੌਰ ਤੇ ਭਾਸ਼ਾ ਵਿਗਿਆਨ ਨਾਲ ਸੰਬੰਧਤ ਹੋਣ ਕਰਕੇ ਇਥੋਂ ਹੀ ਇਸ ਦੇ ਵਿਕਾਸ ਬਾਰੇ ਚਰਚਾ ਸ਼ੁਰੂ ਕੀਤੀ ਜਾ ਸਕਦੀ ਹੈ। ਇਹ ਸਿਧਾਂਤ ਮੁੱਢਲੇ ਰੂਪ ਵਿਚ 'ਸੰਰਚਨਾ' ਦੇ ਸਿਧਾਂਤ ਨਾਲ ਜੁੜਿਆ ਹੋਇਆ ਹੈ ਅਤੇ ਇਸ ਦਾ ਸਮੁੱਚਤਾ ਅਤੇ ਇਕਜੁੱਟਤਾ ਦਾ ਗੁਣਾਤਮਕ ਲੱਛਣ 'ਪਾਠ-ਸਿਧਾਂਤ' ਨੂੰ ਸੰਰਚਨਾਵਾਦੀ ਦ੍ਰਿਸ਼ਟੀ ਦੀ ਹੀ ਦੇਣ ਹੈ। ਜਿਸ ਤਰ੍ਹਾਂ ਸੰਰਚਨਾ ਦਾ ਸਿਧਾਂਤ ਭਾਸ਼ਾ ਤੋਂ ਸਾਹਿਤ ਅਤੇ ਫਿਰ ਸਾਹਿਤ ਤੋਂ ਹੋਰ ਅਨੁਸ਼ਾਸ਼ਨਾਂ ਵੱਲ ਵਿਕਸਤ ਹੁੰਦਾ ਹੈ ,ਉਸੇ ਤਰ੍ਹਾਂ ਹੀ ਪਾਠ ਸਿਧਾਂਤ , ਸੰਰਚਨਾਤਮਕ ਭਾਸ਼ਾ ਵਿਗਿਆਨ ਦੇ ਸਿਧਾਂਤਕ ਚੌਖਟੇ ਵਿਚੋਂ ਹੋਂਦ ਗ੍ਰਹਿਣ ਕਰਕੇ ਪਾਠ ਭਾਸ਼ਾ ਵਿਗਿਆਨ ਤੋਂ ਅਗਾਂਹ ਪਾਠਾਤਮਕਤਾ ਰਾਹੀਂ ਖੁਦਮੁਖਤਿਆਰ ਹੋਂਦ ਗ੍ਰਹਿਣ ਕਰਦਾ ਹੋਇਆ ਵਿਭਿੰਨ ਅਨੁਸ਼ਾਸ਼ਨਾਂ ਵਿਚ ਜਾ ਕੇ ਬਹੁ-ਪਰਤੀ ਅਤੇ ਬਹੁ-ਦਿਸ਼ਾਵੀ ਸਰੂਪ ਧਾਰਨ ਕਰਦਾ ਹੈ।

ਪਾਠ ਸਿਧਾਂਤ ਦੇ ਵਿਕਾਸ ਬਾਰੇ ਗੱਲ ਕਰਦੇ ਹੋਏ ਵਿਟਾਕੋਲਨਾ ਨੇ ਮੋਟੇ ਪੱਧਰ ਇਸ ਦੇ ਤੇ ਤਿੰਨ ਪੜਾਅ: "ਪਾਠ ਭਾਸ਼ਾ ਵਿਗਿਆਨ ,ਪਾਠ ਸਿਧਾਂਤ ਅਤੇ ਚਿਹਨਾਤਮਕ ਪਾਠ ਵਿਗਿਆਨ ਨਿਸ਼ਚਿਤ ਕੀਤੇ ਹਨ"।[12] ਇਹਨਾਂ ਅਧਾਰਾਂ ਉਪਰ ਹੀ ਉਹ ਪਾਠ ਭਾਸ਼ਾ ਵਿਗਿਆਨ ਤੋਂ ਅਗਾਂਹ ਮਲਟੀਮੀਡੀਆ ਚਿਹਨਾਤਮਕ ਪਾਠ ਵਿਗਿਆਨ ਤੱਕ ਪਾਠ ਸਿਧਾਂਤ ਦੇ ਪਾਸਾਰਾਂ ਨੂੰ ਰੂਪ ਪ੍ਰਦਾਨ ਕਰਦਾ ਹੈ। ਜਰਮਨ ਭਾਸ਼ਾ ਵਿਗਿਆਨੀ ਮਾਈਲਡ ਗੋਨਕਾਲਵਸ ਵੀ ਆਪਣੇ 'ਲੇਖ ਟੁਆਰਡਜ਼ ਥਿਊਰੀ ਆਫ ਟੈਕਸ' ਵਿਚ ਪਾਠ ਭਾਸ਼ਾ ਵਿਗਿਆਨ ਦੇ ਅੰਤਰਗਤ ਵੀ ਪਾਠ ਦੇ ਤਿੰਨ ਪੱਧਰ 'ਟਰਾਸਫਰੈਟਿਕ ਵਿਸ਼ਸ਼ਲੇਸ਼ਣ' , 'ਪਾਠ ਵਿਆਕਰਨ' ਅਤੇ 'ਪਾਠ ਸਿਧਾਂਤ' ਦੀ ਗੱਲ਼ ਕਰਦੀ ਹੈ"।[13] ਵਤਰਮਾਨ ਸਮੇਂ ਪਾਠ ਸਿਧਾਂਤ ਪਾਠ ਸੰਸਾਰ ਸਿਧਾਂਤ) ਵਲਡ ਟੈਕਸ ਥਿਊਰੀ (ਤੱਕ ਵਿਕਸਤ ਹੋ ਚੁੱਕਾ ਹੈ।

ਪਾਠ ਸਿਧਾਂਤ ਦੀ ਇਤਿਹਾਸਕ ਰੂਪ-ਰੇਖਾ ਉਲੀਕਣ ਲਈ ਸਭ ਤੋਂ ਪਹਿਲਾਂ ਭਾਸ਼ਾ ਵਿਗਿਆਨ ਨਾਲ ਇਸ ਦੇ ਸੰਬੰਧ ਨੂੰ ਸਮਝਣਾ ਬਹੁਤ ਜਰੂਰੀ ਹੈ। ਭਾਸ਼ਾ ਵਿਗਿਆਨ ਦੇ ਅੰਤਰਗਤ ਪਾਠ ਸਿਧਾਂਤ ਤੱਕ ਪਹੁੰਚਣ ਤੋਂ ਪਹਿਲਾਂ ਭਾਸ਼ਾ ਵਿਗਿਆਨਕ ਅਧਿਐਨ ਦੀ ਇੱਕ ਲੰਬੀ ਪਰੰਪਰਾ ਭਾਸ਼ਾ ਸ਼ਾਸ਼ਤਰ ,ਇਤਿਹਾਸਕ ਭਾਸ਼ਾ ਵਿਗਿਆਨ ,ਤੁਲਨਾਤਮਕ ਭਾਸ਼ਾ ਵਿਗਿਆਨ ਆਦਿ ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ। ਇਹ ਭਾਸ਼ਾ ਦੇ ਪ੍ਰਕਾਰਜੀ ਪੱਖ ਉਪਰ ਕੇਂਦਰਿਤ ਪਹੁੰਚ ਵਿਧੀਆਂ ਹਨ। ਜੇਕਰ ਅਸੀਂ ਭਾਸ਼ਾ ਵਿਗਿਆਨ ਦੇ ਇਤਿਹਾਸ ਵੱਲ

ਝਾਤੀ ਮਾਰੀਏ ਤਾਂ ਮੁੱਢਲਾ ਰੁਝਾਨ ਭਾਸ਼ਾ ਦੀ ਇਤਿਹਾਸਕ ਵਿਆਖਿਆ ਦੇ ਪੱਧਰ ਤੱਕ ਹੀ ਸੀਮਤ ਰਿਹਾ ਹੈ। ਜਦੋਂ ਬਾਅਦ ਵਿਚ ਸਾਸਿਊਰ ਸਿਧਾਂਤਾਂ ਨਾਲ ਆਧੁਨਿਕ ਭਾਸ਼ਾ ਵਿਗਿਆਨ ਆਰੰਭ ਹੁੰਦਾ ਹੈ ਤਾਂ ਇਹ ਚਰਚਾ ਰੂਪ ਵਜੋਂ ਭਾਸ਼ਾਈ ਸੰਰਚਨਾ ਤੇ ਕੇਂਦਰਿਤ ਹੁੰਦੀ ਹੋਈ ਸੰਰਚਨਾਤਮਕ ਭਾਸ਼ਾ ਵਿਗਿਆਨ ਵਜੋਂ ਸਾਹਮਣੇ ਆਉਂਦੀ ਹੈ। ਜਿਥੇ ਇਤਿਹਾਸਕ ਭਾਸ਼ਾ ਵਿਗਿਆਨ ਆਪਣਾ ਧਿਆਨ ਭਾਸ਼ਾ ਦੇ ਪ੍ਰਕਾਰਜ਼ੀ ਪੱਖ ਉਪਰ ਕੇਂਦਰਿਤ ਕਰਦਾ ਹੈ ਉਥੇ ਸੰਰਚਨਾਤਮਕ ਭਾਸ਼ਾ ਵਿਗਿਆਨ ਨਿਰੋਲ ਭਾਸ਼ਾ ਦੀ ਬਣਤਰ ਉਪਰ ਕੇਂਦਰਿਤ ਦਿਖਾਈ ਦਿੰਦਾ ਹੈ। ਇਸ ਤਰ੍ਹਾਂ ਇੱਕ ਲਈ ਭਾਸ਼ਾ ਦੀ ਬਣਤਰ ਮਹੱਤਵ ਰੱਖਦੀ ਹੈ ਅਤੇ ਦੂਜੇ ਲਈ ਉਸਦੀ ਸਮਾਜਿਕ ਵਰਤੋਂ। ਰੂਪ ਅਤੇ ਪ੍ਰਕਾਰਜ ਦਾ ਇਹ ਦਵੰਦ ਅੱਗੇ ਚੱਲ ਕੇ ਪਾਠ ਤੇ ਪ੍ਰਸੰਗ ,ਪਾਠ ਅਤੇ ਪ੍ਰਵਚਨ ,ਵਾਕ-ਵਿਗਿਆਨ ਤੇ ਵਿਹਾਰਕ ਭਾਸ਼ਾ ਵਿਗਿਆਨ)Pragmatics (ਆਦਿ ਰੂਪ ਵਿਚ ਸਾਹਮਣੇ ਆਉਂਦਾ ਹੈ। ਰੂਪ ਅਤੇ ਅਰਥ ਇਹ ਦਾ ਸੰਬੰਧ ਹੀ ਅਗਾਂਹ ਉਤਰ ਸੰਰਚਨਾਵਾਦੀ ਪਾਠ ਸਿਧਾਂਤ ਦੀ ਸਿਰਜਣਾ ਦਾ ਆਧਾਰ ਬਣਦਾ ਹੈ।

ਜਦੋਂ ਸਾਸਿਉਰ ਦੁਆਰਾ ਪ੍ਰਸਤੁਤ ਸਿਧਾਂਤਾਂ ਨਾਲ ਅਮਰੀਕੀ ਇਤਿਹਾਸਕ ਭਾਸ਼ਾ ਵਿਗਿਆਨੀਆਂ ਨੇ ਪ੍ਰਤੀਕਰਮ ਵਜੋਂ ਸੰਵਾਦ ਸਿਰਜਣਾ ਆਰੰਭ ਕੀਤਾ ਤਾਂ ਭਾਸ਼ਾ ਵਿਗਿਆਨ ਦੇ ਅੰਤਰਗਤ 'ਭਾਸ਼ਾਈ ਪਾਠ' ਦੇ ਰੂਪ ਅਤੇ ਪ੍ਰਕਾਰਜ ਦੀ ਚਰਚਾ ਸ਼ੁਰੂ ਹੁੰਦੀ ਹੈ। "ਇਸ ਨਾਲ ਸੰਬੰਧਤ ਭਾਸ਼ਾ ਵਿਗਿਆਨੀਆਂ ਨੇ ਸਾਸਿਊਰ ਦੇ ਸੰਰਚਨਾਵਾਦ ਦੇ ਸਨਮੁੱਖ ਇੱਕ ਵੱਖਰੇ ਸੰਰਚਨਾਵਾਦ ਨੂੰ ਸਥਾਪਿਤ ਕਰਨ ਦਾ ਯਤਨ ਕੀਤਾ ਜੋ ਕਿ ਸਾਸਿਊਰ ਦੁਆਰਾ ਪ੍ਰਸਤੁਤ ਭਾਸ਼ਾਈ ਚਿਹਨ ਨੂੰ ਦੋ ਪਾਸੜ ਮਾਨਸਿਕ ਵਜੂਦ ਮੰਨਣ ਤੋਂ ਇਨਕਾਰ ਕਰਦੇ ਹਨ। ਇਨ੍ਹਾਂ ਦੇ ਅਨੁਸਾਰ ਮਾਨਵੀ ਭੌਤਿਕ ਯਥਾਰਥ ਕੁਦਰਤੀ ਤੌਰ ਤੇ ਸੁਭਾਵਿਕ ਰੂਪ ਵਿਚ ਦੋ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਭਾਸ਼ਾਈ ਹੋਂਦ ਉਸ ਕੁਦਰਤੀ ਮਾਡਲ ਦਾ ਹੀ ਇੱਕ ਰੂਪ ਹੈ ਜੋ ਦੋਵੱਲੇ-ਜੁੱਟਾਂ ਵਿਚ ਬਾਹਰੀ ਪੱਧਰ ਤੇ ਹੀ ਵੰਡੀ ਹੋਈ ਹੈ। ਬਾਹਰੀ ਯਥਾਰਥ ਭਾਸ਼ਾਈ ਚਿਹਨਾਂ ਦੁਆਰਾ ਸਿਰਜਤ ਨਹੀਂ ਹੁੰਦਾ ਸਗੋਂ ਭਾਸ਼ਾਈ ਚਿਹਨ ਭੌਤਿਕ ਯਥਾਰਥ ਵਿਚੋਂ ਹੋਂਦ ਗ੍ਰਹਿਣ ਕਰਦੇ ਹਨ"।[14] ਅਸਲ ਵਿਚ ਇਨ੍ਹਾਂ ਭਾਸ਼ਾ ਵਿਗਿਆਨੀਆਂ ਨੇ ਮਨੋਵਿਗਿਆਨਕ ਸੰਰਚਨਾਵਾਦ ਸਿਰਜਣ ਦਾ ਯਤਨ ਕੀਤਾ ,ਜਿਹੜਾ ਯਥਾਰਥ ਨੂੰ ਸੰਰਚਨਾ ਦੇ ਰੂਪ ਵਿਚ ਨਹੀਂ ਬਲਕਿ ਸਿਸਟਮਾਂ ਦੇ ਇੱਕ ਸਿਸਟਮ ਦੇ ਰੂਪ ਵਿਚ ਦੇਖਦਾ ਹੈ। ਬਲੂਮਫੀਲਡ ਦੀ ਸਿਸਟਮੀ ਵਿਆਕਰਨ ਅਜਿਹੇ ਹੀ ਅਧਿਐਨਾਂ ਦੀ

ਉਪਜ ਹੈ। ਇਸ ਤਰ੍ਹਾਂ ਪਾਠ ਸਿਧਾਂਤ ਵਿਚ ਵੱਖ-ਵੱਖ ਖੇਤਰਾਂ ਅਤੇ ਪੜਾਵਾਂ ਦੇ ਦੌਰਾਨ ਤਬਦੀਲੀ ਆਉਂਦੀ ਰਹੀ ਹੈ। ਕਦੇ ਇਸਦੇ ਪਾਠ ਦੇ ਅੰਦਰੂਨੀ ਢਾਂਚੇ ਦਾ ਅਧਿਐਨ ਕੀਤਾ ਜਾਂਦਾ ਰਿਹਾ ਹੈ ਅਤੇ ਕਦੀ ਇਸਦੇ ਬਾਹਰੀ ਪ੍ਰਕਾਰਜ ਨੂੰ ਮਹੱਤਵ ਦਿੱਤਾ ਜਾਂਦਾ ਰਿਹਾ। ਭਾਸ਼ਾ ਵਿਗਿਆਨੀ ਪਾਠ ਨੂੰ ਭਾਸ਼ਾ ਦੀ ਵਾਕ ਤੋਂ ਵੱਡੀ ਇਕਾਈ ਦੇ ਰੂਪ ਵਿਚ ਦੇਖਦੇ ਹਨ ਜੋ ਕਿ ਅੱਗੇ ਚੱਲ ਕੇ ਪਾਠ ਭਾਸ਼ਾ ਵਿਗਿਆਨ ਦਾ ਆਧਾਰ ਬਣਦਾ ਹੈ।

ਇਸ ਤਰ੍ਹਾਂ ਪਾਠ ਸਿਧਾਂਤ ਦਾ ਸੰਕਲਪੀ ਢਾਂਚਾ ਸਾਸਿਊਰ ਦੇ 'ਸੰਰਚਨਾਤਮਕ ਭਾਸ਼ਾ ਵਿਗਿਆਨ' ਅਤੇ ਬਲੂਮਫੀਲਡ ਦੇ 'ਮਨੋਵਿਗਿਆਨਕ ਸੰਰਚਨਾਵਾਦੀ ਭਾਸ਼ਾ ਵਿਗਿਆਨ' ਨਾਲ ਸੰਬੰਧਤ ਪਰੰਪਰਾਵਾਂ ਵਿਚ ਮੌਜੂਦ ਹੈ। ਇਹਨਾਂ ਵਿਚੋਂ ਪਹਿਲੀ ਪਰੰਪਰਾ ਪਾਠ ਦੀ ਸੰਰਚਨਾਤਮਕ ਬਣਤਰ ਨੂੰ ਆਧਾਰ ਬਣਾਉਂਦੀ ਹੈ ਜਦਕਿ ਦੂਜੀ ਇਸਦੀ ਰਚਨਾਤਮਕ ਬੁਣਤਰ ਉਪਰ ਧਿਆਨ ਕੇਂਦਰਿਤ ਕਰਦੀ ਹੈ। ਗੋਨਕਾਲਵਸ ਦੇ ਸ਼ਬਦਾਂ ਵਿਚ "ਸਾਸਿਊਰ ਦੁਆਰਾ ਭਾਸ਼ਾ ਦਾ ਦੋ ਰੂਪਾਂ ਵਿਚ ਵਖਰੇਵਾ ਜਿਸਨੂੰ ਉਹ ਲੈਂਗ ਅਤੇ ਪੈਰੋਲ ਦੇ ਰੂਪ ਵਿਚ ਪ੍ਰਸਤੁਤ ਕਰਦਾ ਹੈ ,ਇੱਕ ਤਰ੍ਹਾਂ ਨਾਲ ਅਗਾਂਹ ਦੇ ਵਿਕਸਤ ਖੇਤਰਾਂ ਨੂੰ ਰੂਪਮਾਨ ਕਰਦਾ ਹੈ। ਜਿਹਨਾਂ ਵਿਚ ਲੈਂਗ ਦਾ ਸੰਬੰਧ ਸਿਸਟਮ ਨਾਲ ਹੈ ਅਤੇ ਪੈਰੋਲ ਦਾ ਸੰਬੰਧ ਵਿਅਕਤੀਗਤ ਉਚਾਰ ਨਾਲ। ਇਹ ਵਖਰੇਵਾਂ ਅੱਗੇ ਚੱਲ ਕੇ ਭਾਸ਼ਾ ਵਿਗਿਆਨੀਆਂ ਦਾ ਧਿਆਨ ਪਾਠ ਅਤੇ ਪ੍ਰਵਚਨ ਦੇ ਸਿਧਾਂਤਾਂ ਵੱਲ ਸੇਧਿਤ ਕਰਦਾ ਹੈ"।[15]

ਦਰਅਸਲ 'ਪਾਠ' ਅਤੇ 'ਪ੍ਰਵਚਨ' ਦੋਵੇਂ ਮਦਾਂ ਗਹਿਨ ਪੱਧਰ ਤੇ ਇੱਕ ਦੂਜੇ ਨਾਲ ਜੁੜੀਆਂ ਹੋਈਆਂ ਹਨ। ਇਸ ਲਈ ਇਕ ਤੋਂ ਬਿਨਾਂ ਦੂਜੇ ਨੂੰ ਨਹੀਂ ਸਮਝਿਆ ਜਾ ਸਕਦਾ। ਇਹੀ ਕਾਰਨ ਹੈ ਕਿ ਮੁੱਢਲੇ ਪੱਧਰ ਤੇ ਭਾਸ਼ਾ ਵਿਗਿਆਨੀ ਪਾਠ ਤੇ ਪ੍ਰਵਚਨ ਮਦਾਂ ਨੂੰ ਇੱਕ ਦੂਜੇ ਦੇ ਅਰਥਾਂ ਵਿਚ ਵਰਤਦੇ ਰਹੇ ,ਜਦਕਿ ਇਹ ਦੋਵੇਂ ਸਿਧਾਂਤ ਅੰਤਰ-ਸੰਬੰਧਤ ਹੁੰਦੇ ਹੋਏ ਵੀ ਆਪਣੋ-ਆਪਣੀ ਵਿਲੱਖਣ ਹੋਂਦ ਰੱਖਦੇ ਹਨ। ਅਸਲ ਵਿਚ ਪਾਠ ਦਾ ਸੰਬੰਧ ਭਾਸ਼ਾ ਦੇ ਕੋਡੀਕ੍ਰਿਤ ਰੂਪ ਨਾਲ ਹੈ ,ਜਿਸ ਦੀ ਸਿਰਜਣਾ ਵਕਤਾ ਸੰਚਾਰ-ਪੂਰਤੀ ਲਈ ਕਰਦਾ ਹੈ ਅਤੇ ਪ੍ਰਵਚਨ ਉਹ ਭਾਸ਼ਾਈ ਅਮੂਰਤ ਸਰੂਪ ਹੈ ਜਿਸ ਨੂੰ ਸਰੋਤਾ ਗ੍ਰਹਿਣ ਕਰਕੇ ਆਪਣੇ ਭਾਸ਼ਾਈ ਗਿਆਨ ਯੋਗਤਾ ਵਿਚ ਸ਼ਾਮਿਲ ਕਰਦਾ ਹੈ। ਇਸ ਤਰ੍ਹਾਂ ਭਾਸ਼ਾ ਦਾ ਇੱਕ ਸਮੂਰਤ ਸਰੂਪ ਹੈ ਅਤੇ ਦੂਜਾ ਅਮੂਰਤ। ਇੱਕ ਤੋਂ ਬਿਨਾਂ ਦੂਜੇ ਦੇ ਅਰਥਾਂ ਨੂੰ ਸਮਝਣਾ ਅਸੰਭਵ ਹੈ। ਸਾਸਿਊਰਵਾਦੀ ਭਾਸ਼ਾ ਵਿਗਿਆਨੀ ,ਸਮੂਰਤ ਸਰੂਪ ਨੂੰ ਹੀ ਭਾਸ਼ਾ ਸੰਚਾਰ ਦਾ ਆਧਾਰ ਬਣਾਉਂਦੇ ਹਨ ਅਤੇ ਬਲੂਮਫੀਲਡੀਅਨ ਬਾਹਰੀ ਭਾਸ਼ਾ ਪ੍ਰਕਾਰਜ ਦੇ ਆਧਾਰ

'ਤੇ ਭਾਸ਼ਾਈ ਪਾਠ ਦੇ ਅਰਥਾਂ ਦਾ ਨਿਰਣਾ ਕਰਨ ਦਾ ਯਤਨ ਕਰਦੇ ਹਨ। ਇਨ੍ਹਾਂ ਦੋਵਾਂ ਤਰ੍ਹਾਂ ਦੀਆਂ ਦ੍ਰਿਸ਼ਟੀਆਂ ਦੇ ਆਧਾਰ 'ਤੇ ਹੀ ਦੋ ਤਰ੍ਹਾਂ ਦੇ ਅਧਿਐਨ ਸਾਹਮਣੇ ਆਉਂਦੇ ਹਨ। ਇੱਕ ਭਾਸ਼ਾ-ਪਾਠ ਦੀ ਅਰਥ ਸੰਰਚਨਾ ਨਾਲ ਸੰਬੰਧਿਤ ਹਨ ਅਤੇ ਦੂਜੇ ਵਿਹਾਰਕ ਅਧਿਐਨ) Pragmatics) ਭਾਵ ਰਚਨਾ ਨਾਲ ਸੰਬੰਧ ਰੱਖਦੇ ਹਨ।

ਪਾਠ ਦੇ ਸਿਧਾਂਤ ਨੂੰ ਭਾਸ਼ਾ ਵਿਗਿਆਨ ਦੇ ਅੰਤਰਗਤ ਦੋ ਪ੍ਰਮੁੱਖ ਖੇਤਰਾਂ ਵਿਚ ਵੰਡ ਕੇ ਵਿਚਾਰਿਆ ਗਿਆ ਹੈ। ਇਨ੍ਹਾਂ ਵਿਚੋਂ ਇੱਕ ਦਾ ਸੰਬੰਧ ਪਾਠ ਦੇ ਵਿਆਕਰਨ ਪ੍ਰਕਾਰਜ ਨਾਲ ਹੈ ਅਤੇ ਦੂਜੇ ਦਾ ਸੰਬੰਧ ਸਮਾਜਿਕ ਪ੍ਰਕਾਰਜ ਨਾਲ। ਇਸ ਤਰ੍ਹਾਂ "ਸਾਸਿਉਰ ਦੀ ਸੰਰਚਨਾ ਦੀ ਘਾੜਤ ਨੇ ਇੱਕ ਪਾਸੇ ਯੋਰਪੀ ਭਾਸ਼ਾ ਵਿਗਿਆਨ ਨੂੰ ਪ੍ਰਭਾਵਿਤ ਕੀਤਾ ਅਤੇ ਦੂਜੇ ਪਾਸੇ ਅਮਰੀਕੀ ਭਾਸ਼ਾ ਵਿਗਿਆਨੀ ਅਸਿੱਧੇ ਰੂਪ ਵਿਚ ਉਸ ਦੇ ਸਿਧਾਂਤਾਂ ਦੀ ਵਿਰੋਧਤਾ ਕਰਦੇ ਹੋਏ ਇੱਕ ਹੋਰ ਪਰੰਪਰਾ ਨੂੰ ਪ੍ਰਫੁੱਲਤ ਕਰਦੇ ਹਨ"।[16] ਇੱਕ ਥਿਰ ਵਿਗਿਆਨਕ ਬਣਤਰ ਦੀ ਗੱਲ ਕਰਦੀ ਹੋਈ ਸਤਹੀ ਸੰਰਚਨਾ ਦਾ ਮਾਡਲ ਪ੍ਰਦਾਨ ਕਰਦੀ ਹੈ ਅਤੇ ਦੂਜਾ ਤਰਕ ਅਧਾਰਿਤ ਗਹਿਨ ਸੰਰਚਨਾ ਉਪਰ ਬਲ ਦਿੰਦੀ ਹੈ। ਇਕ ਕੋਲ ਆਧੁਨਿਕ ਭਾਸ਼ਾ ਵਿਗਿਆਨਕ ਦ੍ਰਿਸ਼ਟੀ ਹੈ ਅਤੇ ਦੂਜੇ ਕੋਲ ਦਾਰਸ਼ਨਿਕ ਭਾਸ਼ਾ ਸ਼ਾਸ਼ਤਰੀ ਅੰਤਰ-ਦ੍ਰਿਸ਼ਟੀ। ਪਰੰਤੂ ਪਾਠ ਸਿਧਾਂਤ ਵਿਚ ਇਹ ਦੋਵੇਂ ਦ੍ਰਿਸ਼ਟੀਆਂ ਹੀ ਬਰਾਬਰ ਦੀ ਮਹੱਤਤਾ ਦੀਆਂ ਧਾਰਨੀ ਹਨ। ਸਾਸਿਉਰ ਦੇ ਸਿਧਾਂਤਾਂ ਨੇ ਯੂਰਪ ਵਿਚ ਆਧੁਨਿਕ ਭਾਸ਼ਾ ਵਿਗਿਆਨ ਪ੍ਰਮੁੱਖ ਸਕੂਲਾਂ ਜਨੇਵਾ ਸਕੂਲ ਆਫ ਐਲਬਰਟ ਸਾਚੇ , ਪਰਾਗ ਲਿੰਗਉਸਟਿਕ ਸਰਕਲ ,ਸਕੂਲ ਆਫ ਆਂਦਨੇ ਮਰਤੀਨੇ ਆਦਿ ਨੂੰ ਪ੍ਰਭਾਵਿਤ ਕੀਤਾ। ਜਿਸ ਦੇ ਫਲਸਰੂਪ ਇਹਨਾਂ ਸਕੂਲਾਂ ਵਿਚੋਂ ਸੰਰਚਨਾਵਾਦੀ ਭਾਸ਼ਾ ਵਿਗਿਆਨ ਅਤੇ ਪ੍ਰਕਾਰਜੀ ਭਾਸ਼ਾ ਵਿਗਿਆਨ ਵਿਕਸਤ ਹੋਏ।

ਜਦੋਂ ਪਰਾਗ ਸਕੂਲ ਅਤੇ ਸਕੂਲ ਆਫ ਆਂਦਨੇ ਮਰਤੀਨੇ ਦੇ ਅੰਤਰਗਤ ਸਾਹਿਤਕ ਰਚਨਾਵਾਂ ਅਧਿਐਨ ਦਾ ਵਿਸ਼ਾ ਬਣੀਆਂ ਤਾਂ ਸਕੂਲ ਆਫ ਸਾਚੇ ਦੇ ਅੰਤਰਗਤ ਯੇਮਸਲੇਵ ਵਰਗੇ ਭਾਸ਼ਾ ਵਿਗਿਆਨੀਆਂ ਨੇ ਪਾਠ ਅਤੇ ਪ੍ਰਵਚਨ ਸੰਬੰਧੀ ਚਰਚਾ ਆਰੰਭ ਕੀਤੀ। ਯਰੂਪੀ ਭਾਸ਼ਾ ਵਿਗਿਆਨੀ ,ਪਾਠ ਨੂੰ ਵਿਆਕਰਨਕ ਇਕਾਈ ਮੰਨਦੇ ਹੋਏ ਭਾਸ਼ਾ ਦੇ ਪ੍ਰਕਾਰਜ ਦੀ ਗੱਲ ਕਰਦੇ ਹਨ। ਇਸ ਲਈ ਉਹ ਵਾਕ ਦੀ ਬਜਾਇ ਪਾਠ ਨੂੰ ਵਿਆਕਰਨ ਦੀ ਸਭ ਤੋਂ ਵੱਡੀ ਇਕਾਈ ਮੰਨਦੇ ਹੋਏ ਪਾਠ ਸੰਚਾਰ ਨੂੰ ਉਲੀਕਣ ਦਾ ਯਤਨ ਕਰਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਜਿਸ ਤਰ੍ਹਾਂ ਵਾਕ ਦੀ ਵਿਆਕਰਨ ਹੈ ,ਉਸੇ ਤਰ੍ਹਾਂ ਪਾਠ ਦੀ ਵੀ

ਆਪਣੀ ਇੱਕ ਵਿਆਕਰਨ ਹੈ। ਉਹ ਵਾਕ ਨੂੰ ਧੁਨੀਆਂ ,ਸ਼ਬਦਾਂ ,ਵਾਕਾਂ ਦੀਆਂ ਲੜੀਆਂ ਤੋਂ ਅਗਾਂਹ ਅਸੀਮ ਭਾਸ਼ਾਈ ਸੰਰਚਨਾਵਾਂ ਦੇ ਰੂਪ ਵਿਚ ਦੇਖਦੇ ਹਨ। ਉਦਹਾਰਨ ਦੇ ਤੌਰ 'ਤੇ ਹੈਰਿਸ ਦਾ ਇਸ ਸੰਬੰਧੀ ਇਹ ਕਥਨ ਕਾਫੀ ਚਰਚਿਤ ਹੈ ਕਿ "ਭਾਸ਼ਾ ਨਿਰੋਲ ਸ਼ਬਦਾਂ ਜਾਂ ਵਾਕਾਂ ਵਿਚ ਪ੍ਰਗਟ ਨਹੀਂ ਹੁੰਦੀ ,ਇਸ ਵਿਚ ਇੱਕ ਉਚਰਿਤ ਸ਼ਬਦ ਤੋਂ ਲੈ ਕੇ ਦਸ ਭਾਗਾਂ ਦੀ ਰਚਨਾ ਜਾਂ ਇੱਕ ਮਨੋਬਚਨੀ ਤੋਂ ਇੱਕ ਸੰਯੁਕਤ ਰਾਜ ਦੀ ਬਹਿਸ ਤੱਕ ਦਾ ਸੰਬੰਧਤ ਪ੍ਰਵਚਨ ਸ਼ਾਮਿਲ ਹੋ ਸਕਦਾ ਹੈ"।[17] ਇਥੇ ਇਹ ਗੱਲ਼ ਧਿਆਨਯੋਗ ਹੈ ਕਿ ਹੈਰਿਸ ,ਪਾਠ ਤੇ ਪ੍ਰਵਚਨ ਨੂੰ ਇਕੋ ਅਰਥਾਂ ਵਿਚ ਲੈਂਦਾ ਹੈ। ਯੈਮਸਲੇਵ ਵੀ ਪਾਠ ਨੂੰ ਭਾਸ਼ਾ ਦੇ ਰੂਪ ਅਤੇ ਪ੍ਰਕਾਰਜ ਦੇ ਆਧਾਰ ਉਪਰ ਦੇਖਦਾ ਹੋਇਆ ਭਾਸ਼ਾ ਨੂੰ ਸੰਰਚਨਾ ਅਤੇ ਪਾਠ ਨੂੰ ਇੱਕ ਪ੍ਰਕਿਰਿਆ ਦੇ ਰੂਪ ਵਿਚ ਪ੍ਰਭਾਸ਼ਿਤ ਕਰਦਾ ਹੈ। ਉਸ ਦੇ ਅਨੁਸਾਰ ਭਾਸ਼ਾਈ ਪਾਠ ਦਾ ਇੱਕ ਨੇਮ ਵਿਧਾਨ ਹੈ ਜੋ ਕਿ ਪ੍ਰਤੀਬੱਧ ਹੈ ਅਤੇ ਇੱਕ ਪ੍ਰਕਿਰਿਆ ਹੈ ਜਿਹੜੀ ਪ੍ਰਕਾਰਜਸ਼ੀਲ ਹੈ। ਇਹ ਪ੍ਰਕਿਰਿਆ ਹੀ ਵਿਭਿੰਨ ਭਾਸ਼ਾਈ ਪਾਠਾਂ ਦੀ ਸਿਰਜਣਾ ਕਰਦੀ ਹੈ। ਇਸ ਤਰ੍ਹਾਂ ਪਾਠ ਦੇ ਸਿਧਾਂਤ ਨੂੰ ਯੇਮਸਲੇਵ ਅਤੇ ਹੈਰਿਸ ਦਾ ਮੁੱਢਲੇ ਰੂਪ ਵਿਚ ਪ੍ਰਮੁੱਖ ਯੋਗਦਾਨ ਹੈ। ਭਾਵੇਂ ਇਹਨਾਂ ਨੇ ਪਾਠ ਦੇ ਸਰੂਪ ਅਤੇ ਅਰਥ ਨੂੰ ਪ੍ਰਭਾਸ਼ਿਤ ਨਹੀਂ ਕੀਤਾ ਪਰੰਤੂ ਭਾਸ਼ਾਈ ਪਾਠ ਦੇ ਅਰਥਾਂ ਵਿਚ ਇਸ ਮਦ ਨੂੰ ਸਭ ਤੋਂ ਪਹਿਲਾਂ ਵਰਤਣਾ ਸ਼ੁਰੂ ਕੀਤਾ। ਲੂਸਾਨੋ ਵਿਟਾਕੋਲਨਾ ਦਾ ਮੰਨਣਾ ਹੈ ਕਿ "ਯੈਮਸਲੇਵ ਅਤੇ ਹੈਰਿਸ ਦੀਆਂ ਪਾਠ ਅਤੇ ਪ੍ਰਵਚਨ ਸੰਬੰਧੀ ਧਾਰਨਾਵਾਂ ਧਿਆਨ ਦੀ ਮੰਗ ਕਰਦੀਆਂ ਹਨ ਕਿਉਂਕਿ ਇਹਨਾਂ ਦੀਆਂ ਪਰਿਭਾਸ਼ਾਵਾਂ ਦੀ ਵਿਆਖਿਆ ਅਤੇ ਆਲੋਚਨਾ ਵਿਚੋਂ ਹੀ ਪਾਠ ਭਾਸ਼ਾ ਵਿਗਿਆਨ ਸੰਬੰਧੀ ਮੁੱਢਲੇ ਕਾਰਜ ਆਰੰਭ ਹੋਏ। ਪਾਠ ਸੰਬੰਧੀ ਗੱਲ ਮੂਲ ਰੂਪ ਵਿਚ ਪਾਠ ਭਾਸ਼ਾ ਵਿਗਿਆਨ ਦੇ ਅੰਤਰਗਤ ਆਰੰਭ ਹੁੰਦੀ ਹੈ। ਇਸ ਲਈ ਪਾਠ ਭਾਸ਼ਾ ਵਿਗਿਆਨਕ ਸਿਧਾਂਤ ਦੇ ਅੰਤਰਗਤ ਪਾਠ ਦੇ ਸਿਧਾਂਤ ਦੀ ਪ੍ਰਕਿਰਤੀ ਨੂੰ ਜਾਣਨਾ ਅਤੇ ਸਮਝਣਾ ਬਹੁਤ ਜਰੂਰੀ ਹੈ"।[18]

ਇਸ ਤਰ੍ਹਾਂ ਪਾਠ ਸਿਧਾਂਤ ਦਾ ਇੱਕ ਪੱਖ ਜਿਥੇ ਯਰੂਪੀ ਭਾਸ਼ਾ ਵਿਗਿਆਨ ਨਾਲ ਸੰਬੰਧਤ ਹੈ ,ਉਥੇ ਇਸ ਦਾ ਦੂਜਾ ਪੱਖ ਅਮਰੀਕੀ ਭਾਸ਼ਾ ਵਿਗਿਆਨ ਨਾਲ ਵੀ ਜੁੜਦਾ ਹੈ। ਸਾਸਿਉਰ ਜਿਥੇ ਭਾਸ਼ਾ ਨੂੰ ਅਰਥ ਅਤੇ ਸੰਕਲਪ ਦੇ ਸੁਮੇਲ ਤੋਂ ਉਪਜੀ ਹੋਈ ਮੰਨਦਾ ਹੈ , ਉਥੇ ਬਲੂਮਫੀਲਡ ਮਨੋਵਿਗਿਆਨਕ ਯਥਾਰਥ ਨੂੰ ਆਧਾਰ ਬਣਾਉਂਦਾ ਹੈ। ਉਸਦੇ ਅਨੁਸਾਰ ਮਨੁੱਖੀ ਦਿਮਾਗ ਦੀ ਬਣਤਰ ਕੁਦਰਤੀ ਰੂਪ ਵਿਚ ਹੀ ਸੰਰਚਨਾਤਮਕ ਹੈ ਜੋ ਵਰਤਾਰਿਆਂ ਨੂੰ ਦੁਵੱਲੇ ਜੁੱਟਾਂ ਦੇ ਰੂਪ ਵਿਚ ਗ੍ਰਹਿਣ ਕਰਦੀ ਹੈ। ਸਾਰੇ ਸਿਸਟਮਾਂ ਦੀ ਘਾੜਤ

ਦੋਵੱਲੇ ਜੁੱਟਾਂ ਵਿਚ ਹੀ ਹੋਈ ਹੈ ਅਤੇ ਭਾਸ਼ਾ ਵੀ ਉਹਨਾਂ ਸਿਸਟਮਾਂ ਵਿਚੋਂ ਇੱਕ ਹੈ। ਜਿਥੇ ਸਾਸਿਊਰਵਾਦੀ ਉਚਾਰ ਨੂੰ ਕੇਂਦਰ ਵਿਚ ਰੱਖਦੇ ਹਨ ,ਉਥੇ ਬਲੂਮਫੀਲਡਵਾਦੀ ਵਕਤੇ ਨੂੰ ਮਹੱਤਵ ਪ੍ਰਦਾਨ ਕਰਦੇ ਹਨ। ਇਹ ਸੰਰਚਨਾ ਨੂੰ ਭਾਸ਼ਾ ਦੀ ਵਿਸਤ੍ਰਿਤ ਹੋਂਦ ਨਹੀਂ ਮੰਨਦੇ ਬਲਕਿ ਇਸ ਨੂੰ ਇੱਕ ਵੱਖਰੇ ਰੂਪ ਵਿਚ ਦੇਖਦੇ ਹਨ। ਇਸ ਲਈ ਇਹ "ਪਾਠ ਨੂੰ ਅਰਥ ਵਿਗਿਆਨ ਨਾਲ ਰੱਲਗਡ ਨਹੀਂ ਕਰਦੇ ,ਸਗੋਂ ਇਸ ਨੂੰ ਇੱਕ ਖੁਦਮੁਖਤਿਆਰ ਹੋਂਦ ਵਜੋਂ ਗ੍ਰਹਿਣ ਕਰਦੇ ਹਨ। ਫਰੇਜ ਬੋਸ ,ਐਡਵਰਡ ਸੈਪੀਰ ,ਲੋਨਾਰਡ ਬਲੂਮਫੀਲਡ ,ਚਾਰਲਸ ਫਾਇਰਸ ,ਯੀਲਿੰਗ ,ਹੈਰਿਸ ਆਦਿ ਅਮਰੀਕੀ ਸੰਰਚਨਾਵਾਦ ਦੇ ਨਾਲ ਸੰਬੰਧਤ ਮਹੱਤਵਪੂਰਨ ਭਾਸ਼ਾ ਵਿਗਿਆਨੀ ਹਨ"।[19] ਜੇਕਰ ਕੇਵਲ ਭਾਸ਼ਾਈ ਪਾਠ ਦੀ ਗੱਲ ਕਰੀਏ ਤਾਂ ਇੱਕ ਪਾਸੇ ਸਾਸਿਊਰਵਾਦੀ ਦ੍ਰਿਸ਼ਟੀ ਹੈ ਜੋ ਕਿ ਨਿਰੋਲ ਸੰਰਚਨਾ ਦੀ ਚਿਹਨ ਪ੍ਰਬੰਧ ਦੇ ਰੂਪ ਵਿਚ ਹੋਂਦ ਨੂੰ ਠੋਸ ਰੂਪ ਵਿਚ ਦੇਖਦੀ ਹੈ ਅਤੇ ਯਥਾਰਥ ਦੀ ਕੇਵਲ ਪ੍ਰਤੱਖ ਸਥੂਲ ਪ੍ਰਕਿਰਤੀ ਨੂੰ ਗ੍ਰਹਿਣ ਕਰਦੀ ਹੋਈ ਮਨੋਵਿਗਿਆਨਕ ਯਥਾਰਥ ਦੀ ਸੂਖਮ ਹੋਂਦ ਨੂੰ ਅਣਗੋਲਿਆਂ ਕਰ ਦਿੰਦੀ ਹੈ। ਜਦਕਿ ਦੂਜੇ ਪਾਸੇ ਅਮਰੀਕੀ ਸੰਰਚਨਾਵਾਦੀ ਠੋਸ ਯਥਾਰਥ ਨੂੰ ਵੱਖ ਕਰਕੇ ਨਿਰੋਲ ਮਨੋਵਿਗਿਆਨਕ ਹੋਂਦ ਨੂੰ ਮਹੱਤਵ ਦਿੰਦੇ ਹਨ। ਉਹ ਅਰਥ ਵਿਗਿਆਨ ਨੂੰ ਪਾਠ ਨਾਲੋਂ ਵੱਖ ਕਰਕੇ ਦੇਖਦੇ ਹਨ। ਇਸ਼ ਤਰ੍ਹਾਂ ਦੋਹਾਂ ਦੀ ਹੀ ਇੱਕ ਸੀਮਾਂ ਹੈ ਜਿਸ ਕਾਰਨ ਯਥਾਰਥ ਨੂੰ ਤਲਾਸ਼ਣ ਦੀ ਕਹਾਣੀ ਸੁਲਝਣ ਦੀ ਬਜਾਇ ਹੋਰ ਉਲਝ ਜਾਂਦੀ ਹੈ।

ਸਾਸਿਉਰਵਾਦੀ ਅਤੇ ਬਲੂਮਫੀਲਡਵਾਦੀ ਦੋਵੇਂ ਅੰਤਰ-ਵਿਰੋਧੀ ਦ੍ਰਿਸ਼ਟੀਆਂ ਭਾਸ਼ਾ ਵਿਗਿਆਨ ਦੇ ਦੋ ਮਹੱਤਵਪੂਰਨ ਖੇਤਰਾਂ ਨੂੰ ਵਿਕਸਤ ਕਰਦੀਆਂ ਹਨ। ਇਸ ਦੇ ਫਲਸਰੂਪ ਯੋਰਪੀ ਪਾਠ ਭਾਸ਼ਾ ਵਿਗਿਆਨ ਅਤੇ ਅਮਰੀਕਨ ਵਿਹਾਰਕ ਭਾਸ਼ਾ ਵਿਗਿਆਨ )Pragmatics) ਹੋਂਦ ਵਿਚ ਆਉਂਦੇ ਹਨ। ਇਨ੍ਹਾਂ ਦੋਹਾਂ ਵਿਚਲਾ ਮੂਲ ਮਸਲਾ ਭਾਸ਼ਾ ਅਤੇ ਪਰਾ-ਭਾਸ਼ਾ ਦਾ ਹੈ। ਜਿਥੇ ਪਾਠ ਭਾਸ਼ਾ ਵਿਗਿਆਨ ,ਪਾਠ ਦੀ ਭਾਸ਼ਾਈ ਸੰਰਚਨਾ ਉਪਰ ਅਧਾਰਿਤ ਹੈ ਉਥੇ ਵਿਹਾਰਕ ਭਾਸ਼ਾ ਵਿਗਿਆਨ ਪਾਠ ਦੀ ਪਾਰ ਭਾਸ਼ਾਈ ਸੰਰਚਨਾ ਉਪਰ ਅਧਾਰਿਤ ਹੈ। ਇਹਨਾਂ ਦੋਹਾਂ ਖੇਤਰਾਂ ਤੋਂ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਕਰਕੇ ਪਰਾਗ ਸਕੂਲ ਆਫ ਲਿੰਗੁਇਸਟਿਕ ਨਾਲ ਸੰਬੰਧਤ ਭਾਸ਼ਾ ਚਿੰਤਕਾਂ ਰੋਮਨ ਜੈਕਬਸਨ ਅਤੇ ਟਰਾਬਜਕਾਏ ਨੇ ਭਾਸ਼ਾਈ ਪਾਠ ਦੇ ਘੇਰੇ ਨੂੰ ਸਾਹਿਤਕ ਪਾਠ ਤੱਕ ਵਿਕਸਤ ਕੀਤਾ ਪਰੰਤੂ ਇਹਨਾਂ ਦਾ ਆਧਾਰ ਭਾਸ਼ਾ ਹੀ ਸੀ। ਇਹ ਕਾਵਿ-ਭਾਸ਼ਾ ਨੂੰ ਭਾਸ਼ਾ ਦੀ ਹੀ ਦੂਜੈਲੀ ਪਰਤ

ਮੰਨਦੇ ਸਨ। ਇਸ ਲਈ ਇਨ੍ਹਾਂ ਦਾ ਅਸਲ ਪ੍ਰਯੋਜਨ ਕਾਵਿ-ਭਾਸ਼ਾ ਦੀ ਸਿਧਾਂਤਕ ਨੇਮਾਵਲੀ ਦੀ ਤਲਾਸ਼ ਕਰਨਾ ਸੀ ਜਿਸ ਰਾਹੀਂ ਸਾਹਿਤ ਵਿਗਿਆਨ ਨੂੰ ਸਿਰਜਿਆ ਜਾ ਸਕੇ। ਇਕ ਤਰ੍ਹਾਂ ਨਾਲ ਅਰਥ ਸੰਚਾਰ ਦੇ ਪ੍ਰਯੋਜਨ ਸਦਕਾ ਹੀ ਇਹ ਅਨੁਸ਼ਾਸ਼ਨ ਹੋਂਦ ਗ੍ਰਹਿਣ ਕਰਦੇ ਹਨ। ਸੰਚਾਰ ਇੱਕ ਪਾਸੇ ਸੰਰਚਨਾ ਦੀ ਅੰਤਰੀਵੀ ਹੋਂਦ ਨਾਲ ਸੰਬੰਧਤ ਹੈ ਅਤੇ ਦੂਜੇ ਪਾਸੇ ਉਸ ਦੇ ਬਾਹਰੀ ਪ੍ਰਕਾਰਜ ਨਾਲ । ਜਿਸ ਮਸਲੇ ਨੂੰ ਭਾਸ਼ਾ ਵਿਗਿਆਨੀ ਭਾਸ਼ਾਈ ਪਾਠ ਦੇ ਰੂਪ ਵਿਚ ਨਜਿੱਠਣ ਦੀ ਕੋਸ਼ਿਸ਼ ਕਰਦੇ ਹਨ ਅਤੇ ਸਾਹਿਤ ਵਿਗਿਆਨੀ ਸਾਹਿਤਕ ਪਾਠ ਦੇ ਰੂਪ ਵਿਚ। ਪਾਠ ਭਾਸ਼ਾ ਵਿਗਿਆਨ ਦੇ ਅੰਤਰਗਤ ਪਾਠ ਸਿਧਾਂਤ ਨੂੰ ਤਿੰਨ ਰੂਪਾਂ ਵਿਚ ਵਿਚਾਰਿਆ ਗਿਆ ਹੈ:

1. ਪਾਠ ਇੱਕ ਵਿਆਕਰਨਕ ਇਕਾਈ ਵਜੋਂ
2. ਪਾਠ ਇੱਕ ਅਰਥ ਇਕਾਈ ਵਜੋਂ
3. ਪਾਠ ਇੱਕ ਪਾਠਾਤਮਕ ਇਕਾਈ ਵਜੋਂ

ਅਸਲ ਵਿਚ ਗੋਨਕਾਲਵਸ ਨੇ ਇਨਜੈਂਡਰ ਕੋਚ ਦੇ ਹਵਾਲੇ ਨਾਲ ਪਾਠ ਸਿਧਾਂਤ ਦੇ ਵਿਕਾਸ ਦੇ ਤਿੰਨ ਪੱਧਰਾਂ: ਟਰਾਸਫਰੈਟਿਕ ਵਿਸ਼ਲੇਸ਼ਣ ,ਪਾਠ ਵਿਆਕਰਨ ਅਤੇ ਪਾਠ ਸਿਧਾਂਤ ਦੀ ਗੱਲ ਕੀਤੀ ਹੈ। ਇਹਨਾਂ ਦੇ ਅੰਤਰਗਤ ਪਾਠ ਨੂੰ ਇੱਕ ਵਿਆਕਰਨ ਇਕਾਈ ,ਅਰਥ ਇਕਾਈ ਅਤੇ ਪਾਠਾਤਮਕ ਇਕਾਈ ਦੇ ਰੂਪ ਵਿਚ ਦੇਖਿਆ ਗਿਆ ਹੈ।

ਭਾਸ਼ਾ ਵਿਗਿਆਨ ਦੇ ਅੰਤਰਗਤ ਵੱਖ-ਵੱਖ ਸਮੇਂ ਦੌਰਾਨ ਭਾਸ਼ਾਈ ਇਕਾਈਆਂ ਨੂੰ ਅਧਿਐਨ ਦਾ ਕੇਂਦਰ ਬਣਾਇਆ ਜਾਂਦਾ ਰਿਹਾ ਹੈ। ਤੁਲਨਾਤਮਕ ਭਾਸ਼ਾ ਵਿਗਿਆਨ ਦੇ ਅੰਤਰਗਤ 'ਧੁਨੀਆਂ' ਦੀ ਪ੍ਰਕਿਰਤੀ ਅਤੇ ਪ੍ਰਕਾਰਜ ਨੂੰ ਭਾਸ਼ਾ ਸ਼ਾਸ਼ਤਰ ਅਤੇ ਵਿਆਖਿਆਤਮਕ ਭਾਸ਼ਾ ਵਿਗਿਆਨ ਦੇ ਖੇਤਰ ਵਿਚ 'ਸ਼ਬਦਾਂ' ਨੂੰ ਕੇਂਦਰ ਵਿਚ ਰੱਖਿਆ ਜਾਂਦਾ ਸੀ ਅਤੇ ਆਧੁਨਿਕ ਭਾਸ਼ਾ ਵਿਗਿਆਨ ਤੱਕ ਪਹੁੰਚਦੇ 'ਵਾਕ' ਇਕਾਈ ਕੇਂਦਰੀ ਸਥਾਨ ਗ੍ਰਹਿਣ ਕਰਨ ਲੱਗੀ। ਸਾਸਿਉਰ ਵਾਕ ਨੂੰ ਪੈਰੋਲ ਦੇ ਰੂਪ ਵਿਚ ਦੇਖਦਾ ਹੈ ਅਤੇ ਨੋਮ ਚੋਮਸਕੀ ਸਿਰਜਣਾਤਮਕ ਰੂਪਾਂਤਰੀ ਵਿਆਕਰਨ ਦਾ ਆਧਾਰ 'ਵਾਕ' ਨੂੰ ਬਣਾਉਂਦਾ ਹੈ। ਇਹਨਾਂ ਪਰੰਪਰਾਵਾਂ ਦੀ ਵਿਕਾਸ ਰੇਖਾ ਵਿਚ 'ਪਾਠ ਸਿਧਾਂਤ' ਦਾ ਆਗਮਨ ਇੱਕ ਵਿਸਤ੍ਰਿਤ ਵਿਆਕਰਨਕ ਇਕਾਈ ਦੇ ਰੂਪ ਵਿਚ ਹੁੰਦਾ ਹੈ। ਇਸ ਦਾ ਮੁਖ ਕਾਰਨ ਇਹ ਹੈ ਕਿ ਭਾਸ਼ਾ ਵਿਗਿਆਨੀਆਂ ਨੂੰ ਆਪਣੀ ਸਮਗਰੀ ਦਾ ਘੇਰਾ ਵਿਸ਼ਾਲ ਕਰਨ ਦੀ ਲੋੜ ਸੀ। ਕਿਉਂਕਿ ਸੰਚਾਰ ਦੀ ਹੋਂਦ ਵਾਕ-ਬਣਤਰ ਤੋਂ ਪਾਰ ਸੀ ਜਿਸ ਨਾਲ ਨਜਿੱਠਣ ਲਈ ਇੱਕ

ਹੋਰ ਇਕਾਈ ਦੀ ਜ਼ਰੂਰਤ ਲਾਜ਼ਮੀ ਸੀ। ਇਸ ਕਾਰਨ ਪਾਠ ਮਦ ਪਹਿਲੀ ਵਾਰ ਵਰਤੋਂ ਵਾਕ ਤੋਂ ਪਾਰ ਇੱਕ ਵਡੇਰੀ ਭਾਸ਼ਾ ਵਿਗਿਆਨਕ ਇਕਾਈ ਦੇ ਰੂਪ ਵਿਚ ਹੋਣੀ ਸ਼ੁਰੂ ਹੋਈ।

ਇਸ ਤਰ੍ਹਾਂ ਮੁੱਢਲੇ ਰੂਪ ਵਿਚ ਭਾਸਾ ਵਿਗਿਆਨੀਆਂ ਨੇ ਪਾਠ ਨੂੰ ਧੁਨੀ ,ਸ਼ਬਦ , ਵਾਕੰਸ਼ ,ਵਾਕ ਆਦਿ ਦੀ ਤਰ੍ਹਾਂ ਨਿਰੋਲ ਇੱਕ ਵਿਆਕਰਨ ਇਕਾਈ ਦੇ ਰੂਪ ਵਿਚ ਦੇਖਿਆ। ਉਹਨਾਂ ਦਾ ਮੰਨਣਾ ਸੀ ਕਿ ਭਾਸ਼ਾਈ ਵਰਤਾਰਿਆਂ ਨੂੰ ਸਮੇਟਣ ਲਈ ਵਾਕ ਤੋਂ ਪਾਰ ਜਾਣ ਦੀ ਜ਼ਰੂਰਤ ਹੈ। ਗੋਨਕਾਲਵਸ ਦੇ ਸ਼ਬਦਾਂ ਵਿਚ “ਹਾਰਵਰਗ ਅਤੇ ਇਸਨਬਰਗ ਵਰਗੇ ਭਾਸ਼ਾ ਵਿਗਿਆਨੀਆਂ ਨੇ ਇਸ ਸੰਬੰਧੀ ਆਰੰਭਲੇ ਅਧਿਐਨ ਕੀਤੇ। ਇਹਨਾਂ ਨੇ ਪਾਠ ਨੂੰ ਵਾਕ ਦਾ ਇੱਕ ਵਿਕਸਤ ਰੂਪ ਹੀ ਮੰਨਿਆ ਅਤੇ ਵਾਕ ਨੂੰ ਨਿਰੋਲ ਗਿਣਾਤਮਕ ਰੂਪ ਵਿਚ ਦੇਖਿਆ ,ਨਾ ਕਿ ਗੁਣਾਤਮਕ ਰੂਪ ਵਿਚ। ਅਰਥਾਤ ਇਨ੍ਹਾਂ ਨੇ ਕੇਵਲ ਵਾਕ ਦੀ ਠੋਸ ਸੰਰਚਨਾ ਨੂੰ ਹੀ ਆਧਾਰ ਬਣਾਇਆ ਅਤੇ ਬਾਹਰੀ ਪ੍ਰਕਾਰਜ ਨੂੰ ਅਣਗੌਲਿਆਂ ਕਰ ਦਿੱਤਾ। ਇਥੇ ਪਾਠ ਦਾ ਸਰੂਪ ਪੈਰ੍ਹਾਂ ,ਲੇਖ ,ਪੁਸਤਕ ਆਦਿ ਦੇ ਰੂਪ ਤੱਕ ਸੀਮਤ ਸੀ”।[20] ਇਹੀ ਕਾਰਨ ਸੀ ਕਿ ਪਾਠ ਨਾਲ ਸੰਬੰਧਤ ਅਰਥ ਸੰਚਾਰ ਦੇ ਮਸਲੇ ਉਲਝੇ ਹੀ ਰਹਿ ਗਏ। ਫਲਸਰੂਪ ਭਾਸ਼ਾ ਵਿਚ ਸ਼ਾਮਿਲ ਗੈਰ ਭਾਸ਼ਾਈ ਤੱਤ ਅਣਗੌਲੇ ਹੀ ਰਹੇ ਜੋ ਕਿ ਭਾਸ਼ਾਈ ਸੰਚਾਰ ਨੂੰ ਸੰਚਾਲਿਤ ਕਰਦੇ ਸਨ।

ਭਾਸ਼ਾ ਅਧਿਐਨ ਦੇ ਖੇਤਰ ਵਿਚ ਜਦ ਅਰਥ ਵਿਗਿਆਨ ਦਾ ਖੇਤਰ ਸ਼ਾਮਿਲ ਹੋਇਆ ਤਾਂ ਪਾਠ ਦੇ ਸਿਧਾਂਤ ਨੂੰ ਇੱਕ ਨਵਾਂ ਸਰੂਪ ਮਿਲਿਆ। ਪਾਠ ਨੂੰ ਨਿਰੋਲ ਇੱਕ ਵਿਆਕਰਨਕ ਇਕਾਈ ਦੀ ਬਜਾਇ ਇੱਕ ਅਰਥ ਇਕਾਈ ਦੇ ਰੂਪ ਵਿਚ ਦੇਖਿਆ ਜਾਣ ਲੱਗਾ। ਹੁਣ ਤੱਕ ਜਿਹੜੇ ਸਵਾਲਾਂ ਦੇ ਹੱਲ ਵਾਕ ਵਿਆਕਰਨ ਨਹੀਂ ਸੀ ਕਰ ਸਕਿਆ , ਉਹਨਾਂ ਨੂੰ ਪਾਠ ਵਿਆਕਰਨ ਦੇ ਹਵਾਲੇ ਕੀਤਾ ਗਿਆ। ਹੈਲੀਡੇ ਸਭ ਤੋਂ ਪਹਿਲਾਂ ਪਾਠ ਨੂੰ ਭਾਸ਼ਾ ਇਕਾਈ ਮੰਨਣ ਦੀ ਬਜਾਇ ਇਸਨੂੰ ਅਰਥ ਇਕਾਈ ਵਜੋਂ ਸਥਾਪਿਤ ਕਰਦਾ ਹੈ। ਉਸਦੇ ਅਨੁਸਾਰ, “ਪਾਠ ਇਕ ਵਿਆਕਰਨ ਇਕਾਈ ਨਹੀਂ ਬਲਕਿ ਭਾਸ਼ਾ ਦੀ ਵਰਤੋਂ ਨਾਲ ਸੰਬੰਧਤ ਇਕਾਈ ਹੈ। ਇਸਨੂੰ ਇਸਦੇ ਆਕਾਰ ਦੇ ਆਧਾਰ ‘ਤੇ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ। ਕਈ ਵਾਰ ਪਾਠ ਦੀ ‘ਸੁਪਰਵਾਕ’ ਦੇ ਰੂਪ ਵਿਚ ਪ੍ਰਕਲਪਨਾ ਕਰਦਿਆਂ ਕਿਹਾ ਜਾਂਦਾ ਹੈ ਕਿ ਪਾਠ ਇਕ ਵਿਆਕਰਨ ਇਕਾਈ ਹੈ ਜਿਹੜੀ ਵਾਕ ਨਾਲ ਇਸ ਤਰ੍ਹਾਂ ਜੁੜੀ ਹੋਈ ਹੈ ਜਿਵੇਂ ਵਾਕ ਵਾਕੰਸ਼ ਨਾਲ ਅਤੇ ਵਾਕੰਸ਼ ਅਗਾਂਹ ਹੋਰ ਵਿਆਕਰਨਕ ਇਕਾਈਆਂ ਨਾਲ ਸੰਬੰਧਤ ਹੁੰਦਾ ਹੈ। ‘ਪਾਠ ਵਾਕ ਤੋਂ ਵੱਡੀ ਇਕਾਈ ਹੈ’ ਇਕ ਗੁੰਮਰਾਹ ਕਰਨ ਵਾਲੀ

ਧਾਰਨਾ ਹੈ। ਅਸਲ ਵਿਚ ਪਾਠ ਵਾਕ ਨਾਲੋਂ ਵੱਡੀ ਹੀ ਨਹੀਂ ਬਲਕਿ ਵੱਖਰੀ ਇਕਾਈ ਹੈ। ਪਾਠ ਦੀ ਸਮੁੱਚਤਾ ਵਾਕ ਦੀ ਸਮੁੱਚਤਾ ਨਾਲੋਂ ਵੱਖ ਹੈ"।[21]

ਇਸ ਤਰ੍ਹਾਂ ਪਾਠ ਦੇ ਪ੍ਰਸੰਗ ਵਿਚ ਮਸਲਾ ਗਿਣਾਤਮਕਤਾ ਭਾਵ ਠੋਸ ਸੰਰਚਨਾ ਦਾ ਨਹੀਂ ਰਹਿੰਦਾ ਬਲਕਿ ਗੁਣਾਤਮਕਤਾ ਦਾ ਬਣ ਜਾਂਦਾ ਹੈ। ਇਸ ਦਾ ਭਾਵ ਇਹ ਹੈ ਕਿ ਵਾਕ ਦੇ ਕੇਵਲ ਢਾਂਚੇ ਨੂੰ ਹੀ ਨਹੀਂ ਸਮਝਣਾ ,ਸਗੋਂ ਉਸਦੀ ਤੱਥਮੂਲਕਤਾ ਦੇ ਨਾਲ-ਨਾਲ ਤੱਤਮੂਲਕਤਾ ਨੂੰ ਵੀ ਵਿਚਾਰਨਾ ਜ਼ਰੂਰੀ ਹੈ। ਇਸ ਮੱਤ ਨਾਲ ਸੰਬੰਧਤ ਭਾਸ਼ਾ ਵਿਗਿਆਨੀਆਂ ਜਿਵੇਂ ਵੈਨਰਿਚ ,ਵੈਨਡਿਜ ਅਤੇ ਪੀਟੋਫੇ ਆਦਿ ਨੇ ਪਾਠ ਵਿਆਕਰਨ ਨਾਲ ਸੰਬੰਧਤ ਅਧਿਐਨ ਆਰੰਭ ਕੀਤੇ। ਜਿਥੇ ਪਰੰਪਰਾਗਤ ਦ੍ਰਿਸ਼ਟੀ 'ਵਾਕ' ਤੋਂ 'ਪਾਠ' ਤੱਕ ਵਿਸ਼ਲੇਸ਼ਣ ਕਰਦੀ ਹੈ ,ਉਥੇ ਪਾਠ ਵਿਆਕਰਨ 'ਪਾਠ' ਨੂੰ ਮੁੱਢਲਾ ਭਾਸ਼ਾਈ ਰੂਪ ਮੰਨਕੇ ਇਸਦਾ ਵਿਸ਼ਲੇਸ਼ਣ ਕਰਦਾ ਹੈ। ਪਹਿਲੀ ਦ੍ਰਿਸ਼ਟੀ ਸੂਖਮ ਤੋਂ ਸਥੂਲ ਪੱਧਰ ਦੀ ਸੀ। ਜਦਕਿ ਪਾਠ ਵਿਆਕਰਨ ਸਥੂਲ ਤੋਂ ਸੂਖਮ ਇਕਾਈਆਂ ਨੂੰ ਤਲਾਸ਼ਦਾ ਹੋਇਆ ਸੰਰਚਨਾ ਦੇ ਗਹਿਨ ਧਰਾਤਲ ਵਿਚ ਪ੍ਰਵੇਸ਼ ਕਰਦਾ ਹੈ। ਵਾਕ ਵਿਆਕਰਨ ਦਾ ਸੰਬੰਧ ਸੰਰਚਨਾ ਨਾਲ ਹੈ ਅਤੇ ਪਾਠ ਵਿਆਕਰਨ ਦਾ ਸੰਬੰਧ ਰਚਨਾ ਨਾਲ। ਪਰੰਤੂ ਸੰਚਾਰ ਦਾ ਮਸਲਾ ਇਹਨਾਂ ਦੋਹਾਂ ਤੋਂ ਅਗਾਂਹ ਪਾਠਾਤਮਕ ਇਕਾਈ ਦੀ ਮੰਗ ਕਰਦਾ ਹੈ ਜਿਹੜਾ ਇਸ ਵਸੀਹ ਹੋਂਦ ਨੂੰ ਆਪਣੇ ਘੇਰੇ ਵਿਚ ਲੈ ਸਕਦੀ ਹੈ। ਸੂਜਨ ਯੂਰੀਨ ਦਾ ਮੰਨਣਾ ਹੈ ਕਿ, "ਪਾਠ ਵਿਚ ਸੰਭਾਵੀ ਚਿੰਨ੍ਹਾਂ ਦੇ ਸਾਰੇ ਸੰਭਾਵੀ ਸੰਬੰਧ ਪਾਠ ਵਿਆਕਰਨ ਦੁਆਰਾ ਨਿਰਧਾਰਤ ਹੁੰਦੇ ਹਨ। ਕੋਡ-ਭਾਸ਼ਾ ਪਾਠ ਦੇ ਸੰਕੇਤ ਪ੍ਰਦਾਨ ਕਰਦੀ ਹੈ ਅਤੇ ਪ੍ਰਾਪਤ ਸੁਨੇਹਾਂ ਪਾਠ ਦੇ ਉਤਪਾਦਨ ਦੀ ਪ੍ਰਵਾਨਗੀ ਦਿੰਦਾ ਹੈ"।[22]

ਜਦੋਂ 'ਪਾਠ' ਦਾ ਸੰਕਲਪ ਅਰਥ ਵਿਗਿਆਨਕ ਅਧਿਐਨ ਦੇ ਖੇਤਰ ਵਿਚ ਸ਼ਾਮਿਲ ਹੁੰਦਾ ਹੈ ਤਾਂ ਇਸ ਦੀ ਸੀਮਾ ਰੇਖਾ ਭਾਸ਼ਾ ਤੋਂ ਪਾਰ ਭਾਸ਼ਾ ਤੱਕ ਫੈਲ ਜਾਂਦੀ ਹੈ। ਵਾਕ ਦਾ ਸੰਬੰਧ ਭਾਸ਼ਾਈ ਪ੍ਰਕਾਰਜ ਤੋਂ ਪਾਰ ਸਮਾਜਿਕ ਵੀ ਹੈ। ਇਕ ਇਸਦੀ ਬਣਤਰ ਹੈ ਅਤੇ ਦੂਜਾ ਇਸ ਦੀ ਵਰਤੋਂ। 'ਪਾਠ ਵਿਆਕਰਨ' ਪਾਠ ਦੇ ਸੂਖਮ ਅਧਿਐਨ ਵਿਚ ਤਾਂ ਸਫਲ ਹੁੰਦਾ ਹੈ ਪਰੰਤੂ ਪਾਠ ਦੀ ਬਣਤਰ ਦੇ ਬਾਹਰ ਮੌਜੂਦ ਪਾਠ-ਪ੍ਰਸੰਗਾਂ ਨੂੰ ਆਪਣੇ ਘੇਰੇ ਵਿਚ ਨਹੀਂ ਲਿਆ ਸਕਿਆ। ਪਾਠ ਦਾ ਸੰਬੰਧ ਇਕ ਸੁਮਦਾਇ ਨਾਲ ਵੀ ਹੈ ਅਤੇ ਇਹ ਸਮੂਹ ਦੇ ਅੱਗੋਂ ਵਿਭਿੰਨ ਉਪ ਭਾਗਾਂ ਜਿਵੇਂ ਸਮਾਜ ,ਰਾਜਨੀਤੀ ,ਅਰਥ ,ਮਨੋ-ਵਿਗਿਆਨ ਆਦਿ ਨਾਲ ਵੀ। ਜਦੋਂ ਪਾਠ ਆਂਤਰਿਕ ਸੰਰਚਨਾ ਤੋਂ ਬਾਹਰ ਨਿਕਲਦਾ ਹੈ ਤਾਂ ਉਸਦੇ ਸਨਮੁਖ

ਇਨ੍ਹਾਂ ਸਾਰੇ ਪ੍ਰਬੰਧਾਂ ਨਾਲ ਨਜਿੱਠਣਾ ਇੱਕ ਸਮੱਸਿਆ ਬਣ ਜਾਂਦੀ ਹੈ ਅਤੇ ਇਸ ਸਮੱਸਿਆ ਨੂੰ ਪਾਠਾਤਮਕਤਾ ਹੱਲ ਕਰਦੀ ਹੈ। ਇਸ ਲਈ ਪਾਠ ਇਕ ਵਿਆਕਰਨਕ ਜਾਂ ਅਰਥ ਇਕਾਈ ਨਾ ਹੋ ਕੇ ਪਾਠਾਤਮਕ ਇਕਾਈ ਦੇ ਰੂਪ ਵਿਚ ਪਾਠਾਤਮਕ ਪ੍ਰਬੰਧ ਦਾ ਹਿੱਸਾ ਬਣਦਾ ਹੈ। ਦਰਅਸਲ ਇਹ ਪਾਠਾਤਮਕ ਪ੍ਰਬੰਧ ਹੀ ਪਾਠ ਦੀ ਸਿਰਜਣਾ ਕਰਦਾ ਹੈ ਅਤੇ ਪਾਠ ਹੀ ਪਾਠਾਤਮਕ ਪ੍ਰਬੰਧ ਨੂੰ ਸਮਝਣ ਲਈ ਮੂਲ ਇਕਾਈ ਦੀ ਭੂਮਿਕਾ ਨਿਭਾਉਂਦਾ ਹੈ। ਇਸ ਤਰ੍ਹਾਂ ਪਾਠ ਅਧਿਐਨ ਅੰਤਰ ਅਨੁਸ਼ਾਸ਼ਨੀ ਦ੍ਰਿਸ਼ਟੀ ਦੀ ਮੰਗ ਕਰਦਾ ਹੈ ਇਸ ਮੰਗ ਵਿਚੋਂ ਹੀ ਪਾਠ ਭਾਸ਼ਾ ਵਿਗਿਆਨਕ ਦ੍ਰਿਸ਼ਟੀ ਹੋਂਦ ਵਿਚ ਆਉਂਦੀ ਹੈ। ਪਾਠ ਸਿਧਾਂਤ ਜਾਂ ਪਾਠ ਭਾਸ਼ਾ ਵਿਗਿਆਨ ਦਾ ਮਨੋਰਥ ਪਾਠ ਦੀ ਉਤਪਾਦਨ ,ਕਾਰਜ ਅਤੇ ਯੋਗਤਾ ਨੂੰ ਸਮਝਣਾ ਹੈ। ਇਹ ਸਿਰਫ ਪਾਠ ਦੇ ਅੰਦਰੂਨੀ ਹਿੱਸੇ ਦਾ ਅਧਿਐਨ ਨਹੀਂ ਕਰਦਾ ਸਗੋਂ ਉਹਨਾਂ ਬਾਹਰੀ ਕਾਰਕਾਂ ਦਾ ਵੀ ਅਧਿਐਨ ਕਰਦਾ ਹੈ ਜੋ ਇਸਦੀ ਉਸਾਰੀ ਅਤੇ ਵਿਆਖਿਆ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ।

ਪਾਠ ਨੂੰ ਪ੍ਰਸੰਗ ਦੇ ਖੇਤਰ ਨਾਲ ਜੋੜਨ ਦਾ ਕਾਰਜ ਸਭ ਤੋਂ ਪਹਿਲਾਂ ਵੈਨਰਿਚ ਨੇ *ਟੈਕਸ ਗਰਾਮਰ ਆਫ ਦੀ ਜਰਮਨ ਲੈਂਗੁਏਜ(The Grammar of the German language,1993)* ਵਿਚ ਕੀਤਾ। ਉਸਨੇ ਬੇਸ਼ੱਕ ਪਾਠ-ਵਿਆਕਰਨ ਨੂੰ ਆਧਾਰ ਬਣਾਇਆ ਪਰੰਤੂ ਪ੍ਰਸੰਗਿਕ ਤੱਤਾਂ ਨੂੰ ਵੀ ਇਸਦੇ ਅਧਿਐਨ ਵਿਚ ਸ਼ਾਮਿਲ ਕੀਤਾ। ਵੈਨਰਿਚ ਤੋਂ ਇਲਾਵਾ ਸੈਚਮਿਡ) Schmidt (ਨੇ ਵੀ ਅਜਿਹੇ ਅਧਿਐਨ ਕੀਤੇ ਅਤੇ ਇਸ ਨੂੰ ਪਾਠ ਸਿਧਾਂਤ ਦਾ ਨਾਮ ਦਿੱਤਾ ਪਰੰਤੂ ਉਸਦਾ ਵਿਸ਼ੇਸ਼ ਰੂਪ ਵਿਚ ਬਲ ਸਮਾਜਿਕ ਪ੍ਰਸੰਗ ਉਪਰ ਹੀ ਰਿਹਾ। ਇਸ ਤੋਂ ਬਾਅਦ ਗਲਿਚ) Gulich) ਨੇ ਇਸ ਵਿਚ ਅਜਿਹੇ ਅਧਿਐਨ ਸ਼ਾਮਿਲ ਕੀਤੇ ਜੋ ਪਾਠ ਨੂੰ ਪੁਨਰ ਸਥਾਪਿਤ ਕਰਨ ਦੀਆਂ ਪ੍ਰਕਿਰਿਆਵਾਂ ਦੇ ਰੂਪ ਵਿਚ ਸਾਹਮਣੇ ਆਏ। ਇਸ ਤਰ੍ਹਾਂ ਵੈਨਰਿਚ ,ਸੈਚਮਿਡ ਅਤੇ ਗਲਿਚ ਆਦਿ ਨੇ ਪਾਠਾਤਮਕਤਾ ਸੰਬੰਧੀ ਮੁੱਢਲੇ ਕਾਰਜ ਕੀਤੇ। ਪਰੰਤੂ ਇਸ ਸੰਬੰਧ ਵਿਚ ਸਭ ਤੋਂ ਮੱਹਤਵਪੂਰਨ ਕਾਰਜ ਬੁਗਰਾਂਦੇ ਅਤੇ ਡਰੈਸਲਰ ਦਾ ਮੰਨਿਆ ਜਾਂਦਾ ਹੈ। ਉਹਨਾਂ ਨੇ ਪਾਠਾਤਮਕਤਾ ਦੇ ਸੱਤ ਪੱਧਰ ਨਿਸਚਿਤ ਕਰਕੇ ਇਸਦੀ ਸਿਧਾਂਤਕਤਾ ਨੂੰ ਉਸਾਰਨ ਦਾ ਪ੍ਰਾਰੰਭਿਕ ਯਤਨ ਕੀਤਾ। ਇਹ ਸੱਤ ਪੱਧਰ ਪਾਠ ਦੀ ਸਿਰਜਣਾ ਅਤੇ ਵਿਆਖਿਆ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਹਨਾਂ ਵਿਚੋਂ ਦੋ ,ਇਕਾਗਰਤਾ)Cohesion( ਅਤੇ ਇਕਸਾਰਤਾ )Coherence (ਦਾ ਸੰਬੰਧ ਭਾਸ਼ਾ ਨਾਲ ਹੈ ਅਤੇ ਪੰਜ ਮਿਆਰ ਸੂਚਨਾਮੂਲਕਤਾ

)Informatively( ਸਥਿਤੀਮੂਲਕਤਾ )Situationality(,ਅੰਤਰਪਾਠਕਤਾ (Intertextuality( ਅਤੇ ਸਵੀਕਾਰਕਤਾ )acceptability( ਦਾ ਸੰਬੰਧ ਪਾਰ ਭਾਸ਼ਾਈ ਖੇਤਰ ਨਾਲ ਹੈ। ਬੁਗਰਾਂਦੇ ਅਤੇ ਡਰੈਸਲਰ ਦੇ ਪਾਠਾਤਮਕਤਾ ਦੇ ਸਿਧਾਂਤਾਂ ਤੋਂ ਬਾਅਦ ਵੈਨਰਿਚ ਵੀ ਪਾਠ ਵਿਆਕਰਨ ਦੇ ਖੇਤਰ ਤੋਂ ਪਾਠਾਤਮਕਤਾ ਦੇ ਖੇਤਰ ਵੱਲ ਪ੍ਰਵੇਸ਼ ਕਰਦਾ ਹੈ ਅਤੇ ਸੂਖਮ-ਸੰਰਚਨਾ(Micro-structure) ਅਤੇ ਸਥੂਲ-ਸੰਰਚਨਾ (Macro-structure) ਵਰਗੇ ਸਿਧਾਂਤ ਪ੍ਰਸਤੁਤ ਕਰਦਾ ਹੈ।

ਭਾਸ਼ਾ ਵਿਗਿਆਨ ਦੇ ਅੰਤਰਗਤ ਪਾਠ ਦੇ ਸਿਧਾਂਤ ਦੇ ਸਰੂਪ ਵਿਚ ਸਭ ਤੋਂ ਵੱਡੀ ਤਬਦੀਲੀ ਈਗੀਨੇ ਕਰੈਸਿਉ ਦੇ ਕਾਰਜ ਟੈਕਸਲਿੰਗੁਇਸਟਿਕ )Textlinguistik1980,) ਦੁਆਰਾ ਵਾਪਰਦੀ ਹੈ। ਉਹ ਭਾਸ਼ਾ ਵਿਗਿਆਨ ਨੂੰ ਕੇਂਦਰੀ ਅਨੁਸ਼ਾਸ਼ਨ ਦੇ ਰੂਪ ਵਿਚ ਦੇਖਦਾ ਹੋਇਆ ਇਸ ਨੂੰ ਸਭਿਆਚਾਰਕ ਵਿਗਿਆਨ ਦਾ ਆਧਾਰ ਮੰਨਦਾ ਹੈ। ਇਸ ਦੇ ਨਾਲ ਹੀ ਉਹ ਪਾਠ ਭਾਸ਼ਾ ਵਿਗਿਆਨ ਨੂੰ ਭਾਸ਼ਾ ਵਿਗਿਆਨਕ ਅਧਿਐਨਾਂ ਦੀ ਇੱਕ ਸ਼ਾਖਾ ਮੰਨਣ ਦੀ ਬਜਾਇ ਇਸਨੂੰ ਇੱਕ ਖੁਦਮੁਖਤਿਆਰ ਖੇਤਰ ਦੇ ਰੂਪ ਵਿਚ ਦੇਖਦਾ ਹੈ। ਉਸਦਾ ਮੰਨਣਾ ਹੈ ਕਿ ਪਾਠ ਬੇਸ਼ੱਕ ਭਾਸ਼ਾ ਵਿਗਿਆਨ ਤੋਂ ਵੱਖ ਨਹੀਂ ਹੈ ਪਰੰਤੂ ਭਾਸ਼ਾ ਵਿਗਿਆਨ ਤੋਂ ਅਗਲਾ ਪੱਧਰ ਹੈ। ਇਸ ਲਈ ਉਹ ਪਾਠ ਭਾਸ਼ਾ ਵਿਗਿਆਨ ਨੂੰ ਭਾਸ਼ਾ ਵਿਗਿਆਨ ਦੇ ਇੱਕ ਅਧੀਨ ਅਨੁਸ਼ਾਸ਼ਨ ਦੇ ਰੂਪ ਵਿਚ ਦੇਖਣ ਦੀ ਬਜਾਇ ਇੱਕ ਵੱਖਰੇ ਅਨੁਸ਼ਾਸ਼ਨ ਦੇ ਰੂਪ ਵਿਚ ਦੇਖਦਾ ਹੈ।

ਇਸ ਸੰਦਰਭ ਵਿਚ ਗੋਨਕਾਲਵਸ ,ਕਰੈਸਿਉ ਦੇ ਹਵਾਲੇ ਨਾਲ ਲਿਖਦੀ ਹੈ , "ਭਾਸ਼ਾ ਇੱਕ ਬ੍ਰਹਿਮੰਡੀ ਮਨੁੱਖੀ ਕਿਰਿਆ ਹੈ ਜੋ ਵਿਅਕਤੀਗਤ ਰੂਪ ਵਿਚ ਸਾਕਾਰ ਹੁੰਦੀ ਹੈ ਅਤੇ ਇਸ ਵਿਚ ਇਤਿਹਾਸਕ ਨੇਮ ਸ਼ਾਮਿਲ ਹੁੰਦੇ ਹਨ। ਕਰੈਸਿਉ ਦੀ ਇਸ ਪਰਿਭਾਸ਼ਾ ਨੇ ਭਾਸ਼ਾ ਵਿਗਿਆਨ ਦੇ ਅੰਦਰ ਤਿੰਨ ਤਰ੍ਹਾਂ ਦੇ ਖੇਤਰ ਨਿਸਚਿਤ ਕੀਤੇ: ਪਹਿਲਾ ਸਧਾਰਨ ਬੋਲ ਦਾ ਭਾਸ਼ਾ ਵਿਗਿਆਨ, ਦੂਜਾ ਭਾਸ਼ਾਵਾਂ ਦਾ ਭਾਸ਼ਾ ਵਿਗਿਆਨ ਅਤੇ ਤੀਜਾ ਪਾਠ ਦਾ ਭਾਸ਼ਾ ਵਿਗਿਆਨ। ਇਨ੍ਹਾਂ ਵਿਚੋਂ ਪਹਿਲੇ ਦਾ ਸੰਬੰਧ ਵਿਅਕਤੀਗਤ ਉਚਾਰ ਨਾਲ ਹੈ ,ਦੂਜੇ ਦਾ ਸੰਬੰਧ ਇਤਿਹਾਸਕ ਵਿਕਾਸ ਨਾਲ ਹੈ ਅਤੇ ਤੀਜਾ ਇਹਨਾਂ ਦੋਵਾਂ ਨਾਲ ਸੰਬੰਧਤ ਹੈ। ਇਸ ਵਿਚ ਵਿਅਕਤੀਗਤ ਬੋਲ ਵੀ ਸ਼ਾਮਿਲ ਹਨ ਅਤੇ ਉਸਦੇ ਇਤਿਹਾਸਕ ਪ੍ਰਸੰਗ ਵੀ"।[23] ਇਸ ਤਰ੍ਹਾਂ ਕਰੈਸਿਉ ਦੇ ਅਨੁਸਾਰ ਪਾਠ ਇੱਕ ਸਥੂਲ ਚਿਹਨ ਹੈ ਜਿਹੜਾ ਨਾਮਕਰਣ ਅਤੇ ਅਰਥ ਦੋਹਾਂ ਦੇ ਦੋਹਰੇ ਚਿਹਨਾਤਮਕ ਸੰਬੰਧ ਤੋਂ ਇੱਕ ਵੱਡੀ ਅਤੇ ਹੋਰ ਸੰਯੁਕਤ ਵਸਤੂ

ਇਕਾਈ ਤੱਕ ਉਤਪੰਨ ਹੁੰਦਾ ਹੈ। ਪਾਠ ਭਾਸ਼ਾ ਵਿਗਿਆਨ ਦੇ ਅੰਤਰਗਤ ਇਸ ਦ੍ਰਿਸ਼ਟੀ ਨੇ ਨਾ ਸਿਰਫ ਪਾਠ ਨੂੰ ਭਾਸ਼ਾ ਵਿਗਿਆਨ ਦੇ ਘੇਰੇ ਵਿਚੋਂ ਬਾਹਰ ਕੱਢਿਆ ,ਸਗੋਂ ਸੰਰਚਨਾਵਾਦ ਤੋਂ ਪਾਰ ਦੀ ਦ੍ਰਿਸ਼ਟੀ ਵੀ ਅਪਨਾਈ।

ਪਾਠ ਦੇ ਸਿਧਾਂਤਕ ਅਧਿਐਨ ਅਤੇ ਪਾਠ ਭਾਸ਼ਾ ਵਿਗਿਆਨ ਦੇ ਵਿਕਾਸ ਲਈ ਫਰਾਂਸੀਸੀ ਭਾਸ਼ਾ ਵਿਗਿਆਨੀਆਂ ਦਾ ਵੀ ਵਿਸ਼ੇਸ਼ ਯੋਗਦਾਨ ਹੈ। ਇਨ੍ਹਾਂ ਵਿਚ ਜਾਨ ਮਿਸ਼ੈਲ ਆਦਮ ,ਜੀਨ ਪਾਲ ਬਰੋਨਕਾਟ ਅਤੇ ਫਰਾਂਸੀਕੋ ਰੈਸਟਰ ਦੇ ਨਾਮ ਵਰਣਨਯੋਗ ਹੈ। ਜਾਨ ਪਾਲ ਆਦਮ ਅਨੁਸਾਰ ਪਾਠ ਭਾਸ਼ਾ ਵਿਗਿਆਨ ਦਾ ਪ੍ਰਮੁੱਖ ਮੰਤਵ ਸੰਯੁਕਤ ਇਕਾਈ ਪਾਠ ਵਿਚੋਂ ਉਚਾਰਾਂ ਦੇ ਕ੍ਰਮ ਨੂੰ ਸਿਧਾਂਤਬੱਧ ਕਰਨਾ ਅਤੇ ਉਹਨਾਂ ਦੀ ਪ੍ਰਵਚਨਿਕ ਵਿਆਖਿਆ ਅਤੇ ਵਿਸ਼ਲੇਸ਼ਣ ਕਰਨਾ ਹੈ। ਉਹ ਦੋ ਵੱਖ-ਵੱਖ ਖੇਤਰਾਂ ਪਾਠ ਭਾਸ਼ਾ ਵਿਗਿਆਨ ਅਤੇ ਪ੍ਰਵਚਨ ਵਿਸ਼ਲੇਸ਼ਣ ਨੂੰ ਇੱਕ ਦੂਜੇ ਨਾਲ ਅੰਤਰ-ਸੰਬੰਧਤ ਕਰਦਾ ਹੋਇਆ ਇਹਨਾਂ ਦੀਆਂ ਸੀਮਾਵਾਂ ਵੀ ਨਿਸ਼ਚਿਤ ਕਰਦਾ ਹੈ। ਉਸਦੀ ਸਭ ਤੋਂ ਮਹੱਤਵਪੂਰਨ ਦੇਣ ਪਾਠ ਅਤੇ ਪ੍ਰਵਚਨ ਨੂੰ ਵੱਖੋ-ਵੱਖਰੇ ਰੂਪ ਵਿਚ ਦੇਖਦੇ ਹੋਏ ਵੀ ਇਹਨਾਂ ਦੀ ਅੰਤਰ-ਸੰਬੰਧਤਾ ਨੂੰ ਨਿਸ਼ਚਿਤ ਕਰਨਾ ਹੈ। ਉਸ ਦੇ ਪੂਰਵਵਰਤੀ ਪਹੁੰਚਾਂ ਪਾਠ ਅਤੇ ਪ੍ਰਵਚਨ ਨੂੰ ਜਾਂ ਤਾਂ ਇਕੋ ਅਰਥਾਂ ਵਿਚ ਲੈਂਦੀਆਂ ਰਹੀਆਂ ਹਨ ਜਾਂ ਫਿਰ ਬਿਲਕੁਲ ਵੱਖ-ਵੱਖ ਕਰਕੇ ਦੇਖਦੀਆਂ ਰਹੀਆਂ ਹਨ ,ਜਦਕਿ ਆਦਮ ਇਨ੍ਹਾਂ ਤੋਂ ਨਿਵੇਕਲੀ ਪਹੁੰਚ ਅਪਨਾਉਂਦਾ ਹੈ।

ਕਾਉਟਿਨੋ ਦੇ ਸ਼ਬਦਾਂ ਵਿਚ ਉਹ "ਪੂਰਵਲੀ ਅਪ੍ਰਸੰਗਿਕ ਅਤੇ ਪਾਠ ਅਤੇ ਪ੍ਰਵਚਨ ਨੂੰ ਵੱਖ-ਵੱਖ ਕਰਕੇ ਦੇਖਣ ਵਾਲੀ ਦ੍ਰਿਸ਼ਟੀ ਨੂੰ ਰੱਦ ਕਰਦਾ ਹੈ। ਉਹ ਐਲੀਮੈਂਟਸ ਦ ਲਿੰਗੁਇਸਟਿਕ ਟੈਕਸੂਲੇ)elements de linguistic textuelle (1990,ਵਿਚ ਲਿਖਦਾ ਹੈ ਕਿ ਸਭ ਤੋਂ ਮਹੱਤਵਪੂਰਨ ਸਿਧਾਂਤਕ ਬਦਲਾਵ ਅਪ੍ਰਸੰਗਿਕਤਾ ਅਤੇ ਪਾਠ ਤੇ ਪ੍ਰਵਚਨ ਦੀ ਵਿਖੰਡਤਾ ਨੂੰ ਰੱਦ ਕਰਨ ਨਾਲ ਵਾਪਰਦਾ ਹੈ। ਹੁਣ ਇਹ ਦੋ ਵੱਖ-ਵੱਖ ਅਨੁਸ਼ਾਸ਼ਨ ਨਹੀਂ ,ਸਗੋਂ ਇੱਕ ਦੂਜੇ ਨਾਲ ਜੁੜੇ ਹੋਏ ਅਤੇ ਲੜੀਵਾਰ ਖੇਤਰ ਬਣ ਚੁੱਕੇ ਹਨ। ਇਨ੍ਹਾਂ ਨੂੰ ਵੱਖ-ਵੱਖ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਇੱਕ ਦੂਜੇ ਦੇ ਸਾਮਾਨ ਰੂਪ ਵਿਚ ਸਮਝਿਆ ਜਾ ਸਕਦਾ ਹੈ ਪਰੰਤੂ ਇੱਕ ਦੂਜੇ ਨਾਲ ਸੰਬੰਧਤ ਕਰਕੇ ਜ਼ਰੂਰ ਦੇਖਿਆ ਜਾ ਸਕਦਾ ਹੈ। ਆਦਮ ਦੇ ਅਨੁਸਾਰ ,ਪਾਠ ਦੁਹਰਾਉ ਅਤੇ ਉਤਪਾਦਨ ਵਿਚਕਾਰ ਸੰਤੁਲਨ ਬਣਾ ਕੇ ਰੱਖਦਾ ਹੈ"।[24] ਇਹ ਵੱਖ-ਵੱਖ ਪਾਠਾਤਮਕ ਵਰਤਾਰਿਆਂ ਜਿਵੇਂ ਸੂਖਮ,ਮੀਸੋ ਤੇ ਸਥੂਲ ਆਦਿ ਅਤੇ ਪ੍ਰਸੰਗਿਕ ਪੱਖਾਂ ਨਾਲ ਜੁੜਦਾ ਹੋਇਆ ਸਮਾਜ-ਸੰਗਠਨ ਦੀ ਉਸਾਰੀ

ਵੀ ਕਰਦਾ ਹੈ ਅਤੇ ਪਾਠ ਸੰਗਠਨ ਦੀ ਉਸਾਰੀ ਵੀ। ਇਸ ਤਰ੍ਹਾਂ ਪਾਠ ਅਤੇ ਪ੍ਰਵਚਨ ਦੀ ਅੰਤਰ-ਪ੍ਰਕਿਰਿਆ ਸਮਾਜਕ ਅਤੇ ਪਾਠਾਤਮਕ ਵਜੋਂ ਦੋਹਰੀ ਭੂਮਿਕਾ ਨਿਭਾਉਂਦੀ ਹੈ।

ਮਿਸ਼ੈਲ ਆਦਮ ਤੋਂ ਬਾਅਦ ਜੀਨ ਪਾਲ ਬਰੋਨਕਾਟ ਪਾਠ ਸਿਧਾਂਤ ਦੇ ਖੇਤਰ ਵਿਚ ਅਗਲਾ ਵਿਸ਼ੇਸ਼ ਨਾਮ ਹੈ। ਉਸਨੇ ਪਾਠ ਦੇ ਖੇਤਰ ਨੂੰ ਵਿਸਤ੍ਰਿਤ ਕਰਨ ਦਾ ਯਤਨ ਕਰਦੇ ਹੋਏ ਸਮਾਜ-ਪ੍ਰਸੰਗਿਕ ਅੰਤਰ-ਕਿਰਿਆਵਾਂ ਦਾ ਸਿਧਾਂਤ ਦਿੱਤਾ। ਇਸ ਸਿਧਾਂਤ ਦਾ ਮੰਤਵ ਭਾਸ਼ਾ ,ਮਨੋਵਿਗਿਆਨ ,ਸਮਾਜ ਸ਼ਾਸ਼ਤਰ ਅਤੇ ਦਰਸ਼ਨ ਦੀ ਮਦਦ ਨਾਲ ਮਾਨਵੀ ਵਰਤਾਰਿਆਂ ਨੂੰ ਸਮਝਣਾ ਸੀ। ਬਰੋਨਕਾਟ ਦੇ ਇਸ ਸਿਧਾਂਤ ਦੀ ਵਿਸ਼ੇਸਤਾ ਇਹ ਸੀ ਕਿ ਇਹ ਮਾਨਵੀ ਵਰਤਾਰਿਆਂ ਨੂੰ ਸਮਝਣ ਲਈ ਭਾਸ਼ਾ ਨੂੰ ਕੇਂਦਰ-ਬਿੰਦੂ ਬਣਾਉਂਦਾ ਹੈ। ਇਸਦੇ ਅਨੁਸਾਰ ,ਭਾਸ਼ਾ ਮਨੁੱਖ ਦੇ ਮਾਨਸਿਕ ਵਿਕਾਸ ਅਤੇ ਸਮਾਜਿਕ ਪ੍ਰਕਾਰਜੀ ਪੱਖਾਂ ਦੇ ਵਿਕਾਸ ਵਿਚ ਮੁੱਢਲੀ ਭੂਮਿਕਾ ਨਿਭਾਉਂਦੀ ਹੈ। ਇਹ ਅਸਲ ਵਿਚ ਮਨੁੱਖ ਦੀ ਬਾਕੀ ਆਲੇ-ਦੁਆਲੇ ਨਾਲ ਸੰਬੰਧ ਸਿਰਜਣ ਦਾ ਆਧਾਰ ਬਣਦੀ ਹੈ। ਉਸਦਾ ਦਾ ਮੰਨਣਾ ਹੈ ਕਿ ਭਾਸ਼ਾ ਦਾ ਬੋਧ ਵਾਸਤਵਿਕ ਸ਼ਾਬਦਿਕ ਉਤਪਾਦਨ ਦੁਆਰਾ ਪ੍ਰਾਪਤ ਹੁੰਦਾ ਹੈ ,ਜਿਸਦੇ ਕਈ ਪੱਖ ਹਨ ਕਿਉਂਕਿ ਇਹ ਸ਼ਾਬਦਿਕ ਉਤਪਾਦਨ ਇੱਕ ਸੰਚਾਰ ਸਿਸਟਮ ਉਪਰ ਨਿਰਭਰ ਹੁੰਦਾ ਹੈ। ਬਰੋਨਕਾਟ ਇਹਨਾਂ ਸ਼ਾਬਦਿਕ ਉਤਪਾਦਨਾਂ ਨੂੰ ਪਾਠ ਦਾ ਨਾਮ ਦਿੰਦਾ ਹੈ ਜੋ ਭਾਸ਼ਾ ਦੀਆਂ ਪ੍ਰਯੋਗਾਤਮਕ ਸਿਰਜਣਾਵਾਂ ਹੁੰਦੀਆਂ ਹਨ।

ਬਰੋਨਕਾਟ ਨੇ 1997 ਵਿਚ ਪਾਠ ਸੰਬੰਧੀ ਪਾਠ ਨੂੰ ਇੱਕ ਸਥਾਪਿਤ ਸ਼ਾਬਦਿਕ ਉਤਪਾਦਨ ਦੇ ਰੂਪ ਵਿਚ ਦੇਖਣਾ ਸ਼ੁਰੂ ਕੀਤਾ ਜੋ ਭਾਸ਼ਾ ਦੀ ਵਰਤੋਂ ਰਾਹੀਂ ਉਸਰਦਾ ਹੈ। ਇਹ ਉਚਾਰ ਜਾਂ ਲਿਖਤ ਕੁਝ ਵੀ ਹੋ ਸਕਦਾ ਹੈ। ਇਥੇ ਸਥਾਪਿਤ ਤੋਂ ਭਾਵ ਉਹ ਪ੍ਰਸੰਗ ਹਨ ,ਜਿਨ੍ਹਾਂ ਵਿਚ ਕੋਈ ਪਾਠ ਉਤਪੰਨ ਹੁੰਦਾ ਹੈ। "ਸਮਾਜਿਕ ਖੇਤਰੀ ਅਸਥਾਈ ਪੈਮਾਨਿਆਂ ਦਾ ਪਾਠ ਨਾਲ ਅੰਤਰਸੰਬੰਧਤਾ ਦਾ ਰਿਸ਼ਤਾ ਹੁੰਦਾ ਹੈ ,ਜਿਹੜੇ ਪਾਠ ਨੂੰ ਪ੍ਰਭਾਵਿਤ ਕਰਦੇ ਹਨ। ਬਰੋਨਕਾਟ ਪਾਠ ਨੂੰ ਪ੍ਰਭਾਸ਼ਿਤ ਕਰਦਾ ਹੋਇਆ ਲਿਖਦਾ ਹੈ, "ਪਾਠ ਇੱਕ ਸ਼ਾਬਦਿਕ ਉਤਪਾਦਨ ਦੀ ਇਕਾਈ ਹੈ ਜੋ ਭਾਸ਼ਾਈ ਤੌਰ ਤੇ ਸੰਗਠਿਤ ਸੁਨੇਹੇ ਲਿਜਾਂਦੇ ਹੋਏ ਸਰੋਤੇ ਉਪਰ ਸਮੁੱਚਤਾ ਦਾ ਇੱਕ ਪ੍ਰਭਾਵ ਪਾਉਂਦੀ ਹੈ। ਭਾਸ਼ਾ ਇੱਕ ਵਿਸ਼ੇਸ਼ ਸਮਾਜਿਕ ਸੰਗਠਨ ਵਿਚ ਪੈਦਾ ਹੁੰਦੀ ਹੈ। ਵਾਕ ਵੱਖ-ਵੱਖ ਬੰਦਿਸ਼ਾਂ ਅਨੁਸਾਰ ਇੱਕ ਦੂਜੇ ਨਾਲ ਜੁੜੇ ਹੁੰਦੇ ਹਨ ਜਿਹੜੇ ਇੱਕ ਤਰ੍ਹਾਂ ਨਾਲ ਉਹਨਾਂ ਨਿਯਮਾਂ ਨੂੰ ਵੀ ਦਰਸਾਉਂਦੇ ਹਨ ਜੋ ਵੱਖ-ਵੱਖ ਪ੍ਰਸੰਗਿਕ ਵਸਤੂ ਨੂੰ ਇੱਕ ਪਾਠ ਸੰਗਠਨ ਵਿਚ ਸਥਾਪਿਤ ਕਰਦੇ ਹਨ"।[25]

ਇਸ ਤਰ੍ਹਾਂ ਇੱਕ ਪਾਰ ਭਾਸ਼ਾਈ ਭਾਗ ਸਾਹਮਣੇ ਆਉਂਦਾ ਹੈ ਜੋ ਕਿ ਸਮਾਜਿਕ ਅਤੇ ਮਨੋ-ਵਿਗਿਆਨਕ ਹੈ। ਜਦੋਂ ਅਸੀਂ ਇੱਕ ਭਾਸ਼ਾ ਇਕਾਈ ਵਿਚ ਇਹ ਦੋਵੇਂ ਭਾਗ ਸ਼ਾਮਿਲ ਕਰਦੇ ਹਾਂ ਤਾਂ ਉਹ ਇੱਕ ਭਾਸ਼ਾ-ਇਕਾਈ ਨਹੀਂ ਰਹਿੰਦੀ ਸਗੋਂ ਸੰਚਾਰ-ਇਕਾਈ ਬਣ ਜਾਂਦੀ ਹੈ। ਪਰ ਫਿਰ ਵੀ ਇਹ ਇੱਕ ਵਕਤੇ ਲਈ ਇੱਕ ਸੰਚਾਰ ਮਾਧਿਅਮ ਦੇ ਰੂਪ ਵਿਚ ਪ੍ਰਕਾਰਜ ਕਰਦਿਆਂ ਸੰਬੰਧ ਸਥਾਪਿਤ ਕਰਦੀ ਹੋਈ ਇਕ ਸਮੁੱਚਿਤ ਕਿਰਿਆ ਦੀ ਸਿਰਜਣਾ ਕਰਦੀ ਹੈ ਜੋ ਸਮਾਜਿਕਤਾ ਦਾ ਨਿਰਮਾਣ ਕਰਨ ਵਿਚ ਸਹਾਇਕ ਸਿੱਧ ਹੁੰਦੀਆਂ ਹਨ। ਬਰੋਨਕਾਟ ਨੇ ਸਿਰਫ ਪਾਠ ਦੀ ਪ੍ਰਕਿਰਤੀ ਦੀ ਹੀ ਗੱਲ ਨਹੀਂ ਕੀਤੀ ਸਗੋਂ ਉਸਦੇ ਅਧਿਐਨ ਲਈ ਮਾਡਲ ਵੀ ਪ੍ਰਦਾਨ ਕੀਤਾ ਹੈ। ਉਹ ਪਾਠ ਨੂੰ ਇੱਕ ਉਸਾਰੀ ਦੀ ਤਰ੍ਹਾਂ ਦੇਖਦਾ ਹੈ ,ਜਿਸ ਦੀਆਂ ਤਿੰਨ ਪਰਤਾਂ: ਇਸਦਾ ਸੰਪੂਰਨ ਬੁਨਿਆਦੀ ਢਾਂਚਾ, ਪਾਠਾਤਮੀਕਰਨ ਦੀਆਂ ਤਕਨੀਕਾਂ ਅਤੇ ਉਚਾਰਾਂ ਦੀ ਜਵਾਬਦੇਹੀ ਦੀ ਅੰਤਰ-ਪ੍ਰਕਿਰਿਆ ਦੁਆਰਾ ਸਮਝਿਆ ਜਾ ਸਕਦਾ ਹੈ।

ਪਾਠ ਸਿਧਾਂਤ ਦੇ ਸੰਬੰਧ ਵਿਚ ਫਰੈਂਸੀਕੋ ਰੈਸਟਰ ਦਾ ਵੀ ਵਿਸ਼ੇਸ਼ ਯੋਗਦਾਨ ਹੈ। ਉਹ ਆਪਣੀ ਕਿਤਾਬ *ਆਰਟ ਏ ਸਾਇੰਸ਼ ਦ ਟੈਕਸ (2002)* ਵਿਚ ਇਹ ਧਾਰਨਾ ਪ੍ਰਸਤੁਤ ਕਰਦਾ ਹੈ ਕਿ ਭਾਵੇਂ ਕਈ ਤਰ੍ਹਾਂ ਦੇ ਪਾਠ ਭਾਸ਼ਾ ਵਿਗਿਆਨਾਂ ਨੂੰ ਗੁਣਾ ਕਰ ਦਿੱਤਾ ਜਾਵੇ ,ਉਹ ਕੁਝ ਵੀ ਨਹੀਂ ਹਨ ਜੇਕਰ ਉਹ ਵਾਕ ਦੇ ਪੱਧਰ ਤੱਕ ਰਹਿੰਦੇ ਹਨ। ਕਿਉਂਕਿ ਇਹ ਰੇਖਿਕ ਰੂਪ ਵਿਚ ਵਿਆਕਰਨ ਦਾ ਅਨੁਸਰਨ ਕਰਦੇ ਹਨ। ਇਸ ਸਮੱਸਿਆ ਦੇ ਸਮਾਧਾਨ ਲਈ ਪਾਠ ਨੂੰ ਇੱਕ ਸੰਯੁਕਤ ਸਿਧਾਂਤਕ ਚੌਖਟੇ ਦੇ ਰੂਪ ਵਿਚ ਦੇਖਣਾ ਚਾਹੀਦਾ ਹੈ। ਇਸ ਨੂੰ ਇੱਕ ਵਿਸ਼ਾਲ ਲੰਬਾਈ ਦੇ ਅੰਤਰਗਤ ਪ੍ਰਯੋਗਾਤਮਕ ਇਕਾਈਆਂ ਦੇ ਰੂਪ ਵਿਚ ਦੇਖਣਾ ਚਾਹੀਦਾ ਹੈ ਨਾ ਕਿ ਕਿਸੇ ਵਾਕ ਵਰਗੀ ਇਕਾਈ ਦੇ ਉਪ ਭਾਗ ਦੇ ਰੂਪ ਵਿਚ। ਰੈਸਟਰ ਦੇ ਹਵਾਲੇ ਨਾਲ ਗੋਨਕਾਲਵਸ ਪਾਠ ਨੂੰ ਪਰਭਾਸ਼ਿਤ ਕਰਦਿਆਂ ਲਿਖਦੀ ਹੈ:

"ਪਾਠ ਨਿਰੋਲ ਅੱਖਰਾਂ ਦਾ ਕ੍ਰਮ ਨਹੀਂ ,ਨਾ ਹੀ ਇਹ ਸੰਕੇਤਾਂ ਦਾ ਕ੍ਰਮ ਹੈ ਤੇ ਨਾ ਹੀ ਇਹ ਮਾਨਸਿਕ ਯੋਗਤਾਵਾਂ ਦਾ ਕ੍ਰਮ। ਸਗੋਂ ਇਹ ਪ੍ਰਮਾਣਿਕ ਪ੍ਰਯੋਗਾਤਮਕ ਭਾਸ਼ਾ ਕ੍ਰਮ ਹੈ ਜੋ ਨਿਸ਼ਚਤ ਸਮਾਜਿਕ ਅਭਿਆਸ ਦੁਆਰਾ ਉਤਪੰਨ ਹੁੰਦਾ ਹੈ ਅਤੇ ਇੱਕ ਵਿਸ਼ੇਸ਼ ਮਾਧਿਆਮ ਨਾਲ ਨਿਸ਼ਚਤ ਰੂਪ ਵਿਚ ਜੁੜਿਆ ਹੁੰਦਾ ਹੈ। ਉਪਰੋਕਤ ਪਰਿਭਾਸ਼ਾ ਵਿਚ ਪਾਠ ਦੇ ਤਿੰਨ ਲੱਛਣ ਪ੍ਰਸਤੁਤ ਕੀਤੇ ਗਏ ਹਨ। ਪਹਿਲਾ ਇਹ ਇੱਕ ਪ੍ਰਮਾਣਿਕ ਹੋਂਦ ਹੈ ਦੂਜਾ ਇਹ ਇੱਕ ਸੁਮਦਾਇ ਜਾਂ ਸਮਾਜਕ ਪ੍ਰਬੰਧ ਵਿਚੋਂ ਉਤਪੰਨ ਹੁੰਦਾ ਹੈ ਅਤੇ ਤੀਜਾ ਇਸ ਦਾ ਇੱਕ ਵਿਸ਼ੇਸ

ਮਾਧਿਅਮ ਹੁੰਦਾ ਹੈ। ਇਸ ਆਧਾਰ ਤੇ ਇਹ ਉਚਰਿਤ ,ਲਿਖਤ ਜਾਂ ਡਿਜ਼ੀਟਲ ਕਿਸੇ ਰੂਪ ਵਿਚ ਵੀ ਹੋ ਸਕਦੀ ਹੈ। ਉਸ ਨੇ ਪਾਠ ਦੇ ਸਿਧਾਂਤ ਨੂੰ ਇੱਕ ਭਾਸ਼ਾ ਵਸਤੂ ਤੋਂ ਅਗਾਂਹ ਇੱਕ ਪ੍ਰਯੋਗਾਤਮਕ ਵਸਤੂ ,ਇੱਕ ਗਿਆਨ ਵਸਤੂ ਦੇ ਰੂਪ ਵਿਚ ਪਰਿਭਾਸ਼ਤ ਕਰਕੇ ਇਸਦੇ ਅਧਿਐਨ-ਘੇਰੇ ਨੂੰ ਪਾਠ ਭਾਸ਼ਾ ਵਿਗਿਆਨ ਦੇ ਖੇਤਰ ਤੋਂ ਵਿਸਤ੍ਰਿਤ ਰੂਪ ਪ੍ਰਦਾਨ ਕੀਤਾ"।[26]

## ਸਿੱਟੇ ਤੇ ਸਥਾਪਨਾਵਾਂ

ਉਪਰੋਕਤ ਵਿਚਾਰ ਚਰਚਾ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਭਾਸ਼ਾ ਵਿਗਿਆਨ ਦੇ ਅੰਤਰਗਤ 'ਪਾਠ' ਤੇ 'ਪਾਠ ਸਿਧਾਂਤ' ਸੰਬੰਧੀ ਵਧੇਰੇ ਕਾਰਜ ਪਾਠ ਭਾਸ਼ਾ ਵਿਗਿਆਨੀਆਂ ਨੇ ਕੀਤਾ ਹੈ। ਉਹਨਾਂ ਨੇ ਪਾਠ ਨੂੰ ਵਿਭਿੰਨ ਪੱਖਾਂ ਤੋਂ ਪਰਿਭਾਸ਼ਤ ਕਰਦਿਆਂ ਇਸ ਦੀ ਸਿਧਾਂਤ ਉਸਾਰੀ ਵਿਚ ਯੋਗਦਾਨ ਪਾਇਆ ਅਤੇ ਪਾਠ ਨੂੰ ਪ੍ਰਮੁੱਖ ਰੂਪ ਵਿਚ ਸਥੂਲ ਚਿਹਨ ,ਉਚ-ਪੱਧਰੀ ਸੰਯੁਕਤ ਇਕਾਈ ,ਸਥਾਪਿਤ ਸ਼ਾਬਦਿਕ ਉਤਪਾਦਨ , ਸੰਚਾਰਾਤਮਕ ਇਕਾਈ ,ਪ੍ਰਯੋਗਾਤਮਕ ਇਕਾਈ ,ਪ੍ਰਮਾਣਿਕ ਪ੍ਰਯੋਗਾਤਮਕ ਭਾਸ਼ਾਈ ਕ੍ਰਮ ਆਦਿ ਰੂਪਾਂ ਵਿਚ ਪ੍ਰਸਤੁਤ ਕੀਤਾ। ਇਸ ਤਰ੍ਹਾਂ ਇਹ ਪਾਠ ਦੇ ਸਰੂਪ ਅਤੇ ਪ੍ਰਕਿਰਤੀ ਨੂੰ ਸਮਝਣ ਲਈ ਲਾਹੇਵੰਦ ਦ੍ਰਿਸ਼ਟੀਆਂ ਸਿੱਧ ਹੁੰਦੀਆਂ ਹਨ। ਕੁਝ ਭਾਸ਼ਾ ਵਿਗਿਆਨੀਆਂ ਨੇ ਪਾਠ ਭਾਸ਼ਾ ਵਿਗਿਆਨ ਦੇ ਅੰਤਰਗਤ ਪਾਠਾਤਮਕ ਅਧਿਐਨ ਦੀਆਂ ਸੀਮਾਵਾਂ ਨੂੰ ਤਲਾਸ਼ਦੇ ਹੋਏ ਸਾਹਿਤ ਅਧਿਐਨ ਨੂੰ ਇਸ ਦੇ ਖੇਤਰ ਵਿਚ ਸ਼ਾਮਿਲ ਕੀਤਾ। ਬੁਗਰਾਂਦੇ ਅਤੇ ਡਰੈਸਲਰ ਨੇ ਕਾਵਿ-ਸ਼ਾਸ਼ਤਰ ,ਸ਼ੈਲੀ ਵਿਗਿਆਨ ,ਭਾਸ਼ਾ ਸ਼ਾਸ਼ਤਰ ਆਦਿ ਖੇਤਰਾਂ ਨੂੰ ਪਾਠਾਤਮਕ ਭਾਸ਼ਾ ਵਿਗਿਆਨ ਦੇ ਅੰਤਰਗਤ ਕਾਫੀ ਮਹੱਤਵਪੂਰਨ ਮੰਨਿਆ। ਬੁਗਰਾਂਦੇ ਅਨੁਸਾਰ ਇਹਨਾਂ ਅਨੁਸ਼ਾਸ਼ਨਾ ਦਾ ਪਾਠਾਤਮਕ ਭਾਸ਼ਾ ਵਿਗਿਆਨ ਉਪਰ ਸਿੱਧਾ ਪ੍ਰਭਾਵ ਹੈ ਜਦਕਿ ਡਰੈਸਲਰ ਅਲੰਕਾਰ ਸ਼ਾਸ਼ਤਰ ,ਸ਼ੈਲੀ ਵਿਗਿਆਨ ਅਤੇ ਸੰਰਚਨਾਤਮਕ ਬਿਰਤਾਂਤ ਵਿਸ਼ਲੇਸ਼ਣ ਨੂੰ ਪਾਠ ਭਾਸ਼ਾ ਵਿਗਿਆਨ ਦੇ ਪੂਰਵਜ ਮੰਨਦਾ ਹੈ। ਅਸਲ ਵਿਚ ਬੁਗਰਾਂਦੇ ਅਤੇ ਡਰੈਸਲਰ ਪਾਠ ਭਾਸ਼ਾ ਵਿਗਿਆਨ ਨੂੰ ਪਾਠਾਤਮਕਤਾ ਤੱਕ ਵਿਕਸਤ ਕਰਦੇ ਹੋਏ ਵਿਭਿੰਨ ਖੇਤਰਾਂ ਨੂੰ ਇਸ ਵਿਚ ਸ਼ਾਮਿਲ ਕਰਦੇ ਹਨ। ਇਸ ਦੁਆਰਾ ਪਾਠ ਸਿਧਾਂਤ ਦਾ ਸੰਬੰਧ ਭਾਸ਼ਾ ਤੋਂ ਬਾਅਦ ਸਾਹਿਤ ਅਧਿਐਨ ਨਾਲ ਜੁੜਦਾ ਹੈ ਅਤੇ ਇਸ ਦਾ ਆਪਣਾ ਇਕ ਸਿਧਾਂਤਕ ਵਿਕਾਸ ਹੈ।

ਭਾਸ਼ਾ ਵਿਗਿਆਨ ਦੇ ਅੰਤਰਗਤ ਪਾਠ ਚਿੰਤਨ ਉਪਰ ਵਿਚਾਰ ਕਰਦਿਆਂ ਇਸ ਦੀਆਂ ਸੰਰਚਨਾਤਮਕ ਤੇ ਇਤਿਹਾਸਕ ਭਾਸ਼ਾ ਵਿਗਿਆਨ ਵਿਚ ਜੜ੍ਹਾਂ ਦੀ

ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ ਜੋ ਪਾਠ ਦੇ ਦੋ ਪੱਖਾਂ ਸੰਰਚਨਾ ਅਤੇ ਰਚਨਾ ਵਿਚਲਾ ਸੰਵਾਦ ਕਹੇ ਜਾ ਸਕਦੇ ਹਨ। ਇਹ ਪਾਠ ਮਦ ਨੂੰ ਭਾਸ਼ਾ ਇਕਾਈ ਅਤੇ ਅਰਥ ਇਕਾਈ ਦੇ ਰੂਪ ਵਿਚ ਵਿਆਕਰਨ ਤੇ ਪਾਠ-ਵਿਆਕਰਨ ਦੇ ਪਰਿਪੇਖ ਵਿਚ ਪ੍ਰਭਾਸ਼ਿਤ ਕਰਦੇ ਹਨ। ਜਦੋਂ ਪਾਠ ਚਿੰਤਨ ਇਨ੍ਹਾਂ ਦੀਆਂ ਸੀਮਾਵਾਂ ਨੂੰ ਪਾਰ ਕਰਦਾ ਹੈ ਤਾਂ ਪ੍ਰਵਚਨ ਦੇ ਵਿਰਾਟ ਖੇਤਰ ਵਿਚ ਪ੍ਰਵੇਸ਼ ਕਰਕੇ ਸੰਰਚਨਾਤਮਕ ਇਕਾਈ ਦੇ ਰੂਪ ਵਿਚ ਬਹੁ ਵਿਧਾਵਾਂ ਤੱਕ ਫੈਲਦਾ ਹੋਇਆ ਪਾਠਾਤਮਕ ਇਕਾਈ ਦਾ ਰੂਪ ਧਾਰਨ ਕਰਦਾ ਹੈ। ਪਾਠਾਤਮਕ ਇਕਾਈ ਵਜੋਂ ਇਹ ਭਾਸ਼ਾ ਵਿਗਿਆਨ ਦੇ ਖੇਤਰ ਤੱਕ ਸੀਮਤ ਰਹਿੰਦਾ ਹੋਇਆ ਪਾਠ ਭਾਸ਼ਾ ਵਿਗਿਆਨ ਤੋਂ ਅਗਾਂਹ ਫਰਾਂਸੀਸੀ ਭਾਸ਼ਾ ਵਿਗਿਆਨੀਆਂ ਦੁਆਰਾ ਅਗਲੇ ਪੜਾਅ 'ਪਾਠ ਵਿਗਿਆਨ' ਦੇ ਖੇਤਰ ਵਿਚ ਪ੍ਰਵੇਸ਼ ਕਰਦਾ ਹੈ। ਹੁਣ ਪਾਠ ਚਿੰਤਨ ਕੇਵਲ ਭਾਸ਼ਾ ਵਿਗਿਆਨ ਦੇ ਖੇਤਰ ਤੱਕ ਸੀਮਤ ਨਹੀਂ ਰਹਿੰਦਾ ਬਲਕਿ ਇਹ ਸਾਹਿਤ ਵਿਗਿਆਨ , ਮਾਨਵ ਵਿਗਿਆਨ ਤੋਂ ਹੁੰਦਾ ਹੋਇਆ ਅੰਤਰ ਅਨੁਸ਼ਾਸ਼ਨੀ ਸਰੂਪ ਧਾਰਨ ਕਰਦਾ ਹੈ। ਇਸ ਲਈ ਇਸਨੂੰ ਇਕ ਮਾਡਲ ਵਜੋਂ ਲੈ ਕੇ ਮਾਨਵੀ ਬੌਧਿਕਤਾ ਅੰਦਰ ਮੌਜੂਦ ਸੰਸਾਰ ਦੀ ਮਾਨਸਿਕ ਵਜੂਦਾਤਮਕਤਾ ਨੂੰ ਸਮਝਣ ਲਈ ਇਕ ਪਾਠ ਸੰਸਾਰ ਸਿਧਾਂਤ) Text world Theory( ਹੋਂਦ ਵਿਚ ਆਉਂਦਾ ਹੈ ਜਿਸਦਾ ਜਿਕਰ ਪ੍ਰੋ .ਜੋਹਨਾ ਗਾਵਿਨਸ ਆਪਣੀ ਪੁਸਤਕ *ਟੈਕਸ ਵਲਡ ਥਿਉਰੀ: ਐਨ ਇੰਟਰੋਡੰਕਸ਼ਨ (2007)* ਵਿਚ ਕਰਦੀ ਹੈ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਵਿਗਿਆਨ ਪਾਠ ਚਿੰਤਨ ਦਾ ਕੇਵਲ ਇਕ ਆਧਾਰ ਹੈ ਜਦਕਿ ਇਸਦਾ ਖੇਤਰ ਸੰਸਾਰ ਜਿੰਨਾਂ ਹੀ ਵਿਸ਼ਾਲ ਹੈ।

## ਹਵਾਲੇ

1. Epistein, S.D, “Is the Faculty of Language a perfect solution to interface systems?”. *The Cambridge Companion to Chomsky*. Ed. James McGilvery. Cambridge University Press.2017, p-50.
2. Macfee, Noelle. Julia Kristeva. Newyork: Routledge Tylor and francis group,2004.print, p-1.
3. Jurij. Lotman.*The structure of Artistic text*.trans by Ronald Vroon. ANN ARBOR.1977, p-52

4. Jurin, Suzana."Text and Genres". *Texts and their usage through Text Linguistics and Conginitive Linguistics Analysis.* Filozofski fakultet u Rijeci.2017, p-19
5. Borror, Donald J." text"." Dictionary of word roots and combining forms". Mayfield publising company,1960, pp.101.
6. Vitacolonna, Luciana. "From Textlinguistik to multimedial semiotic Textology: A short Historical Sketch".*Journal of literary Semantics. 28(3): 162-179.Oct,1999.p-2.*
.7Halliday,M.A.K & Ruqaiya Hasan. "Introduction". *Cohesion in English. Longman.1976,* p-2.
8. Dosse, Franscois. The rising sign. *History of Structuralism.* trans. Edborah Glassman. University of Minnesota press.1997, p-22
9 .Barthes, Roland. "Textual Analysis of Poe's Valdemar". *Uniting the text: A Post-structuralist reader.* Ed. Robert Young. london: Routledge & Kagan paul, .1981print. p-10.
10. Derrida, Jacques.*Of Grammatology*.trans.Gaytari Chakravorty Spivak. Baltimore: The Johns hopkins press.1997, 158.
11. Kristeva, julia. "Word, Dailogue and Novel". *The kristeva reader.* Ed. Toril Moi. London: John Wiley and SonsLtd., .1986 P-36.
12. Vitacolonna, Luciana. "From Textlinguistik to multimedial semiotic Textology: A short Historical Sketch".*Journal of literary Semantics. 28(3): 162-179.Oct,1999.p-9.*
13. Goncalves, Mailde. "Towards the theory of Text". *Grammar and Text: Selected papers from the 10th & 11th fora of Linguistics Sharing.* (Ed. Maria Antonia and contributors). UK: Cambridge Scholars Publishing. 2018, p-16.
14. Beaugrande, Robert de. "Text linguistics and New Applications". *Annual Review of Applied Linguistics.* Cambridge University Press.1991, p-18
.15Goncalves, Mailde. "Towards the theory of Text". *Grammar and Text: Selected papers from the 10th & 11th fora of Linguistics Sharing.* (Ed. Maria Antonia and contributors). UK: Cambridge Scholars Publishing. 2018, p-15.
.16Dosse, Franscois. The rising sign. *History of Structuralism.* trans. Edborah Glassman. University of Minnesota press.1997, p-53.
17. Harris, Z. S. (1952). Discourse analysis. Language, 28(1), p-28.
18. Vitacolonna, Luciana. "From Textlinguistik to multimedial semiotic Textology: A short Historical Sketch".*Journal of literary Semantics. 28(3): 162-179.Oct,1999.p-2.*

.19Schmid, Hans-jorg. "Linguistics Theories, Approaches and Methods". *English American Studies Theory and Practice.* Weimer:Metzler.2012.371-394.

.20Goncalves, Mailde. "Towards the theory of Text". *Grammar and Text: Selected papers from the 10th & 11th fora of Linguistics Sharing.* (Ed. Maria Antonia and contributors). UK: Cambridge Scholars Publishing. 2018, p-16.

.21Halliday,M.A.K& Ruqaiya Hasan. "Introduction". *Cohesion in English. Longman.1976,* p-11.

.224. Jurin, Suzana."Text and Genres". *Texts and their usage through Text Linguistics and Conginitive Linguistics Analysis.* Filozofski fakultet u Rijeci.2017, p-.20

.23Goncalves, Mailde. "Towards the theory of Text". *Grammar and Text: Selected papers from the 10th & 11th fora of Linguistics Sharing.* (Ed. Maria Antonia and contributors). UK: Cambridge Scholars Publishing. 2018, p-18.

.24Coutinho, Antonia. "The place of semantics and pragmatics in a Linguistics Approach to texts". *Catalan Journal of Linguistics.115-128.*

.25Goncalves, Mailde. "Towards the theory of Text". *Grammar and Text: Selected papers from the 10th & 11th fora of Linguistics Sharing.* (Ed. Maria Antonia and contributors). UK: Cambridge Scholars Publishing. 2018, p-20.

.26ibid.